# ਸਾਂਝੀ ਵਿਰਾਸਤ

ਜਿਲਦ 2 ਅੰਕ 14

2023

ਫੱਗਣ (ਫਰਵਰੀ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਸਾਂਝੀ ਵਿਰਾਸਤ (ਫ਼ਰਵਰੀ 2023)

## ਤਤਕਰਾ


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ – ਵਿਆਖਿਆ | ਮਨਿੰਦਰ ਸਿੰਘ | 4 |
| 3. | ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਭਗਤ ਰਵਿਦਾਸ ਜੀ | ਗੁਰਦੀਸ਼ ਕੌਰ ਗਰੇਵਾਲ | 8 |
| 5. | ਗੁਰਬਾਣੀ ਅਤੇ ਕੁਆਂਟਮ ਮਕੈਨਿਕਸ (ਭਾਗ-1) | ਦਲਵਿੰਦਰ ਸਿੰਘ ਗ੍ਰੇਵਾਲ | 9 |
| 6. | ਮਾਂ ਬੋਲੀ | ਅਮਰਜੀਤ ਕੌਰ | 11 |
| 7. | ਸਜਾਓ ਦਸਤਾਰ ਤੇ ਬਣੋ ਸਰਦਾਰ (ਭਾਗ – 2) | ਕਾਬਲ ਸਿੰਘ, ਬਲਦੇਵ ਸਿੰਘ | 12 |
| 8. | ਸਿੱਖ ਦੀ ਦਸਤਾਰ ਹੈ ਸਿਰ ਦਾ ਤਾਜ (2) | ਰਾਜਬੀਰ ਸਿੰਘ ਭੱਟੀ | 14 |
| 9. | ਗੁਰਬਾਣੀ ਮੁਤਾਬਿਕ ਸਵਾਲ-ਜਵਾਬ (4) | ਤਰਲੋਕ ਸਿੰਘ ਸਹੋਤਾ | 15 |
| 10. | ਗਲੋਬਲ ਸਿੱਖ ਕੌਂਸਿਲ | ਵੈਬੀਨਾਰ ਰਿਪੋਰਟ | 17 |
| 11. | ਕੁਝ ਪੰਜਾਬੀ ਸ਼ਬਦਾਂ ਦੀ ਜਾਣਕਾਰੀ | ਸਕੂਲ ਸਿੱਖਿਆ ਬੋਰਡ | 21 |
| 12. | ਸੁਣਿਆ ਮੰਨਿਆ ਮਨਿ ਕੀਤਾ ਭਾਉ | ਗੁਰਦੀਸ਼ ਕੌਰ ਗਰੇਵਾਲ | 23 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 25 |
| 14. | ਕੁਦਰਤੀ ਸੋਮਿਆਂ ਦੀ ਸੰਭਾਲ (ਭਾਗ – 1) | ਪ੍ਰਿਤ ਪਾਲ ਕੌਰ ਚਾਹਲ | 27 |
| 15. | ਸੱਚੀ ਸੁੱਚੀ ਸਿਆਸਤ ਦੇ ਬਾਬਾ ਬੋਹੜ | ਹਰਸ਼ਿੰਦਰ ਕੌਰ | 29 |
| 16. | ਤੈਨੂੰ ਕੌਣ ਖਵਾਊ ਰੋਟੀ | ਹਰਜਿੰਦਰ ਸਿੰਘ ਢੀਂਡਸਾ | 30 |
| 17. | ਮੂਲ ਨਾਨਕਸ਼ਾਹੀ ਅਨੁਸਾਰ ਗੁਰਪੁਰਬ | (ਪਾਲ ਸਿੰਘ ਪੁਰੇਵਾਲ) | 31 |
| 18 | ਕੈਲਗਰੀ ਈ-ਦੀਵਾਨ ਵਲੋਂ ਕਵੀ ਦਰਬਾਰ | (14 ਜਨਵਰੀ 2023) | 34 |
| 19. | ਕਵੀ ਦਰਬਾਰ ਦੀ ਰਿਪੋਰਟ ਅਤੇ ਵੀਡੀਓ | ਗੁਰਦੀਸ਼ ਕੌਰ ਗਰੇਵਾਲ | 36 |
| 20. | ਮਾਂ-ਬੋਲੀ ਦਿਵਸ (21 ਫਰਵਰੀ) | ਸੁਰਜੀਤ ਸਿੰਘ ਭੱਟੀ | 37 |
| 21. | ਫਰਵਰੀ ਦਾ ਮਹੀਨਾ | ਰੂਬੀਨਾ ਸਿੰਘ | 39 |
| 22. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 40 |
| 23. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 42 |
| 24. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 43 |

# ਸੰਪਾਦਕੀ ਨੋਟ

## ਫਰਵਰੀ 2023 ਅੰਕ

**"ਸਾਂਝੀ ਵਿਰਾਸਤ"**

ਇਸ ਮੈਗਜ਼ੀਨ ਦਾ ਮਕਸਦ ਪੰਜਾਬੀ ਭਾਸ਼ਾ, ਸਭਿੱਆਚਾਰ, ਇਤਿਹਾਸ ਅਤੇ ਵਿਰਸੇ ਨਾਲ ਜੁੜੇ ਰਹਿਣਾ ਅਤੇ ਦੁਨੀਆ ਭਰ ਵਿਚ ਪੰਜਾਬੀਅਤ ਦਾ ਸਹੀ ਰੂਪ ਉਜਾਗਰ ਕਰਨਾ ਹੈ। ਨਾਨਕਸ਼ਾਹੀ ਕੈਲੰਡਰ ਅਨੁਸਾਰ 12 ਫਰਵਰੀ ਤੋਂ **ਫੱਗਣ** ਦਾ ਮਹੀਨਾ ਸ਼ੁਰੂ ਹੋ ਜਾਂਦਾ ਹੈ। ਇਸ ਅੰਕ ਵਿਚ ਨਾਨਕਸ਼ਾਹੀ ਕੈਲੰਡਰ ਦਵਾਰਾ ਨਿਰਧਾਰਿਤ ਗੁਰਪੁਰਬਾਂ ਦੀਆਂ ਸਹੀ ਤਾਰੀਖਾਂ ਵੀ ਦਿੱਤੀਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਹਰ ਸਾਲ ਬਦਲਣ ਦੀ ਲੋੜ ਨਹੀਂ ਰਹਿ ਜਾਂਦੀ। 21 ਫਰਵਰੀ ਵਿਚ "ਮਾਂ-ਬੋਲੀ ਦਿਵਸ" ਇੱਕ ਬੜਾ ਮਹੱਤਵਪੂਰਣ ਦਿਨ ਹੁੰਦਾ ਹੈ। ਗੁਰਬਾਣੀ ਵਿਚ ਵੀ ਦੱਸਿਆ ਗਿਆ ਹੈ ਕਿ ਕਿਸ ਤਰਾਂ ਇਹ ਅਧਿਆਤਮਕ ਖੁਸ਼ੀ ਪ੍ਰਾਪਤ ਕਰਨ ਦਾ ਮਹੀਨਾ ਹੈ।

**"ਗਲੋਬਲ ਸਿੱਖ ਕੌਂਸਲ"**

**(Global Sikh Council, USA)** ਵਲੋਂ ਵਿਦਵਾਨਾਂ ਦੇ ਸੁਝਾਵਾਂ ਨੂੰ ਪ੍ਰਕਾਸ਼ਿਤ ਕਰ ਕੇ ਅਸੀਂ ਸਮਾਜ ਵਿਚ ਜਾਗ੍ਰਿਤੀ ਲਿਆਉਣ ਲਈ ਸਹਿਯੋਗ ਦੇਣ ਦਾ ਯਤਨ ਕਰ ਰਹੇ ਹਾਂ। ਨਾਲ ਹੀ ਉਨ੍ਹਾਂ ਸਿਰਕੱਢ ਪੰਜਾਬੀਆਂ ਦੀਆਂ ਕਾਮਯਾਬੀਆਂ ਬਾਰੇ ਵੀ ਦਸਦੇ ਹਾਂ ਜੋ ਸਾਡੇ ਲਈ ਮਾਣ ਵਾਲੀਆਂ ਹਨ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਵੀ ਹਨ। ਪੰਜਾਬੀ ਭਾਸ਼ਾ ਨੂੰ ਸਮਝਣ ਲਈ **"ਸਕੂਲ ਸਿਖਿਆ ਵਿਭਾਗ"** (ਪੰਜਾਬ) ਵਲੋਂ ਮਾਹਿਰਾਂ ਦਵਾਰਾ ਬਹੁਤ ਸੋਹਣੇ ਢੰਗ ਨਾਲ ਤਿਆਰ ਕੀਤੇ ਗਏ ਕੁਝ ਪੰਜਾਬੀ ਸ਼ਬਦਾਂ ਦੇ ਅਰਥ ਵੀ ਦਿਤੇ ਜਾ ਰਹੇ ਹਨ।

**"ਕੈਲਗਰੀ ਈ-ਦੀਵਾਨ ਸੋਸਾਇਟੀ"**

ਇਸ ਸੋਸਾਇਟੀ ਵਲੋਂ 14 ਜਨਵਰੀ 2023 ਨੂੰ ਅੰਤਰ-ਰਾਸ਼ਟਰੀ ਕਵੀ ਦਰਬਾਰ ਕਰਾਏ ਗਏ। ਇਸ ਪ੍ਰੋਗਰਾਮ ਦੀ ਸੰਖੇਪ ਵਿਚ ਪ੍ਰੈਸ ਰਿਪੋਰਟ ਤੋਂ ਇਲਾਵਾ, **Youtube/Hyperlink** ਤੇ ਦਿਤੇ ਲਿੰਕ ਉਤੇ ਇਸ ਦੀ ਵੀਡੀਓ ਵੀ ਵੇਖੀ ਜਾ ਸਕਦੀ ਹੈ।

***ਅਗਲੇ ਅੰਕਾਂ ਲਈ***

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ, ਚੰਗੀ ਸਿਹਤ ਜਾਂ ਸਮਾਜਿਕ ਭਲਾਈ ਬਾਰੇ **"ਮੌਲਿਕ"** ਰਚਨਾਵਾਂ (ਲੇਖ, ਮਿੰਨੀ ਕਹਾਣੀਆਂ, ਕਵਿਤਾਵਾਂ ਜਾਂ ਪੰਜਾਬੀ ਪੁਸਤਕ ਸਮੀਖਿਆਵਾਂ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵੀ ਤਰਾਂ ਦੇ ਵਿਵਾਦ-ਗ੍ਰਸਤ ਵਿਅਕਤੀ ਬਾਰੇ ਨਾ ਹੋਣ। ਇਹ ਰਚਨਾਵਾਂ ਸਾਡੇ ਐਡੀਟੋਰੀਅਲ਼ ਬੋਰਡ ਤੋਂ ਪਰਵਾਨਗੀ ਉਪਰੰਤ ਹੀ ਛਪਣਗੀਆਂ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

**ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ'**

ਇਹ ਜਾਣਕਾਰੀ ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (***sanjhivirasat.org***) ਤੋਂ ਵੀ ਮਿਲ ਸਕਦੀ ਹੈ। ਰਚਨਾਵਾਂ ਦੋ (2) ਪਨਿਆਂ (ਵਧ ਤੋਂ ਵਧ 800 ਸ਼ਬਦਾਂ) ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪਰਵਾਨਿਤ ਲੇਖ (ਇਸ ਵੈਬਸਾਈਟ ਦੇ) **Blog** ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ/ਕਵੀ (ਜੇ ਉਹ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।


ਪ੍ਰੋਫੈਸਰ (ਡਾ.) ਸੁਰਜੀਤ ਸਿੰਘ ਭੱਟੀ
(ਮੁਖ ਸੰਪਾਦਕ)
**(surjitsinghbhatti@gmail.com)**
**ਕੈਲਗਰੀ**

ਤੁਖਾਰੀ ਛੰਤ ਮਹਲਾ 1 ਬਾਰਹਮਾਹਾ

ਫੱਗਣ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥

ਦਿਨ ਰਹਸੁ ਭਇਆ ਆਪੁ ਗਵਾਇਆ ॥

ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ ॥

ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ ॥

ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ॥

ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥੧੬॥

ਸ੍ਰੀ ਗੁਰੂ ਗ੍ਰੰਥ ਸਾਹਿਬ (ਪੰਨਾਂ 1109)

**ਵਿਆਖਿਆ**

**ਫ਼ੱਗਣ, ਫ਼ਾਗੁਨ ਜਾਂ ਫ਼ਲਗੁਣ ਨਾਨਕਸ਼ਾਹੀ ਸੰਮਤ ਦਾ ਆਖਰੀ ਮਹੀਨਾ ਹੈ । ਸਿਆਲ ਰੁਤਿ ਦੀ ਸਖਤ ਸਰਦੀ ਦੇ ਘੱਟਣ ਨਾਲ ਲੋਕ ਹੋਲੀਆਂ ਦੇ ਰੰਗ ਤਮਾਸ਼ੇ ਮਨਾਉਣ ਲਗਦੇ ਹਨ । ਪਰੰਤੂ ਗੁਰੂ ਪਿਆਰੇ ਪ੍ਰੇਮਾਂ ਭਗਤੀ ਦੇ ਫ਼ਲ ਸਵਰੂਪ ਫ਼ੱਗਣ ਦੇ ਮਹੀਨੇ ਰੂਪੀ ਮਨੁੱਖੀ ਜਨਮ ਦੀ ਸੱਚੀ ਖੁਸ਼ੀ – "ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ" (ਅੰਗ–397) ਮਨਾਉਂਦੇ ਹਨ । ਪ੍ਰੇਮਾ ਭਗਤੀ ਦੁਆਰਾ ਫ਼ਲਗੁਣ ਰੂਪੀ ਜੀਵਨ ਦਾ ਫਲ ਮਨ ਦੀ ਪ੍ਰਸੰਨਤਾ ਹੈ । ਗੁਰਮਖ ਆਪਾ ਭੁਲਾਕੇ ਹਮੇਸ਼ਾ ਸਹਜ ਸੁਖ ਵਿਚ ਸਮਾਇਆ ਰਹਿੰਦਾ ਹੈ । ਵਾਹਿਗੁਰੂ ਦੀ ਬਖਸ਼ਿਸ਼ ਦੁਆਰਾ ਉਸਦੇ ਮਨ ਤੋਂ ਮੋਹ ਦੀ ਮੈਲ ਲੱਥ ਜਾਂਦੀ ਹੈ ਤੇ ਪ੍ਰਭੂ ਮਿਲਾਪ ਦੀ ਤਾਂਘ ਉਜਾਗਰ ਹੁੰਦੀ ਹੈ । ਇਸ ਦੇ ਵਿਪਰੀਤ ਜੇਕਰ ਜੀਵ ਅਨੇਕਾਂ ਅਖੌਤੀ ਧਰਮਿਕ ਪ੍ਰਪੰਚ ਕਰਦਾ ਹੈ ਉਸਨੂੰ ਪ੍ਰਭੂ ਮਿਲਾਪ ਦੀ ਸੱਚੀ ਖੁਸ਼ੀ ਨਹੀਂ ਮਿਲਦੀ । ਉਹ ਪ੍ਰਭੂ ਦੇ ਦਰ ਦੇ ਕਬੂਲ ਨਹੀ ਹੋ ਸਕਦਾ । ਪ੍ਰਭੂ ਪ੍ਰੇਮ ਦੇ ਸ਼ਿੰਗਾਰ ਵਿਚ ਸਰੀਰਕ ਸ਼ਿੰਗਾਰ ਦੀਆਂ ਸਾਰੀਆਂ ਸਜਾਵਟਾਂ ਹਾਰ, ਰੇਸ਼ਮੀ ਵਸਤਰ ਆਦਿ ਸਮਾ ਜਾਂਦੀਆਂ ਹਨ । ਆਪਣੇ ਗੁਰੂ ਦੀ ਕਿਰਪਾ ਦੁਆਰਾ ਜੀਵ ਇਸਤ੍ਰੀ ਆਪਣੇ ਨਿਜ ਘਰ ਵਿਚ ਪਹੁੰਚ ਜਾਂਦੀ ਹੈ ।**



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਫੱਗਣ ਮਹੀਨੇ ਦਾ ਪਾਠ ॥

ੴ ਸਤਿਗੁਰ ਪ੍ਰਸਾਦਿ ॥

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥
ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥
ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥
ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥
ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥
ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥
ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

ਭਾਵ ਅਰਥ :--

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਫੱਗਣ ਦੇ ਮਹੀਨੇ  ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ...
ਇਸ ਮਿੱਠੀ ਮਿੱਠੀ ਰੁੱਤ ਵਿਚ ਜਿਨ੍ਹਾਂ ਜੀਵਾਂ ਦੇ ਹਿਰਦਿਆਂ ਵਿਚ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਕਿਰਪਾ ਨਾਲ ਪ੍ਰਭੂ ਪ੍ਰਮਾਤਮਾ ਆਣ ਵਸਦਾ ਹੈ,  ਉਨ੍ਹਾਂ ਨੂੰ ਆਤਮਕ ਆਨੰਦ ਮਿਲ ਜਾਂਦਾ ਹੈ, ਲੋਕ ਪਰਲੋਕ ਦੇ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ ਅਤੇ ਉਹ ਭਵ ਸਾਗਰ ਤੋਂ ਤਰ ਜਾਂਦੇ ਹਨ ।  ਐਸੇ ਪ੍ਰਭੂ ਦੀ ਸਿਫ਼ਤਿ ਸਾਲਾਹ ਸਦਾ ਕਰਨੀ ਚਾਹੀਦੀ ਹੈ।

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਫੱਗਣ ਮਹੀਨੇ ਦੇ ਪਾਠ ਦੀ

## ਕਾਵਿਕ ਵਿਆਖਿਆ



ਇੰਜੀਨੀਅਰ ਸਰਦਾਰ
ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ

ਫੱਗਣ ਮਹੀਨੇ ਵਿੱਚ ਆਉਂਦਾ ਹੈ ਅਨੰਦ ਉਹਨੂੰ ,
ਹਿਰਦੇ ਚ ਜੀਹਨੇ ਹਰੀ ਸੱਜਣ ਵਸਾਇਆ ਹੈ ।
ਪ੍ਰਭੂ ਦੇ ਪਿਆਰੇ ਜਨ ਹੁੰਦੇ ਨੇ ਸਹਈ ਜਿਨ੍ਹਾਂ,
ਕਿਰਪਾ ਦੇ ਨਾਲ, ਨਾਲ ਓਸ ਦੇ ਮਿਲਾਇਆ ਹੈ ।
ਦੁੱਖਾਂ ਲਈ ਹੁਣ ਕੋਈ ਥਾਂ ਹੀ ਨਹੀਂ ਬਚੀ ਬਾਕੀ ,
ਸੋਹਣੀ ਸੇਜ ਉੱਤੇ ਡੇਰਾ ਸੁੱਖਾ ਨੇ ਲਗਾਇਆ ਹੈ ।
ਪੂਰੀ ਹੋਈ ਇੱਛਾ ਵਡਭਾਗੀ ਜੀਵ ਆਤਮਾ ਦੀ,
ਹਰੀ ਪਰਮਾਤਮਾ ਦਾ ਵਰ ਜੀਹਨੇ ਪਾਇਆ ਹੈ ।
ਮਿਲ ਕੇ ਉਹ ਨਾਲ ਸਤਸੰਗਣਾ ਸਹੇਲੀਆਂ ਦੇ,
ਗੀਤ ਨੇ ਗੋਬਿੰਦ ਦੇ ਅਨੰਦ ਵਿੱਚ ਗਾਂਦੀਆ ।
ਹਰੀ ਪਰਮਾਤਮਾ ਦੇ ਵਰਗਾ ਨਾ ਹੋਰ ਕੋਈ,
ਨਜ਼ਰਾਂ ਚ ਹੋਰ ਕੋਈ ਦੂਸਰਾ ਨਾ ਪਾਂਦੀਆਂ ।
ਚਰਨਾ ਚ ਆਪਣੇ ਹੈ ਥਾਂ ਪੱਕੀ ਦੇ ਦਿੰਦਾ,
ਲੋਕ-ਪਰਲੋਕ ਦਿੰਦਾ ਓਸ ਦਾ ਸਵਾਰ ਹੈ ।
ਜਨਮਾਂ ਦੀ ਦੌੜ ਜੀਵ ਆਤਮਾ ਦੀ ਮੁੱਕ ਜਾਂਦੀ,
ਕਰ ਦਿੰਦਾ ਉਹਨੂੰ ਭਵਸਾਗਰੋਂ ਵੀ ਪਾਰ ਹੈ ।
ਜੀਭਾ ਇੱਕ ਨਾਨਕ ਦੀ ਗੁਨ ਨੇ ਅਨੇਕ ਉਹਦੇ ।
ਚਰਨਾਂ ਚ ਓਸ ਦੇ ਜੋ ਪਈਏ, ਤਰ ਜਾਈਦਾ ।
ਫੱਗਣ ਮਹੀਨੇ ਵਿੱਚ ਗਾਈਏ 'ਨੂਰ' ਜਸ ਓਹਦਾ ,
ਲਾਲਚ ਨਹੀਂ ਹੈ ਜਿਹਨੂੰ ਕਿਸੇ ਵਡਿਆਈ ਦਾ ।

------****-----

## ਬਾਰਹ ਮਾਹ ਦੀ ਬਾਣੀ ਦੇ ਅੰਤਲੇ ਪੈਰੇ ਵਿੱਚ ਸਮੁੱਚੀ ਬਾਣੀ ਦਾ ਸਾਰ

## ਪਾਠ ਅਤੇ ਕਾਵਿਕ ਵਿਆਖਿਆ

## ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥

### ਕਾਵਿਕ ਵਿਆਖਿਆ

ਜਪਿਆ ਜਿਨ੍ਹਾਂ ਨੇ ਨਾਮ ਪਰਮਾਤਮਾ ਦਾ,
ਕਾਰਜ ਉਨ੍ਹਾਂ ਦੇ ਸਾਰੇ ਹੀ ਸਰ ਗਏ ਨੇ ।
ਪੂਰੇ ਪ੍ਰਭੂ ਨੂੰ ਜਿਨ੍ਹਾਂ ਆਰਾਧਿਆ ਹੈ,
ਹੋ ਕੇ ਸੁਰਖ਼ਰੂ ਓਸ ਦੇ ਦਰ ਗਏ ਨੇ ।
ਉਹਦੇ ਚਰਨਾਂ ਚੋਂ ਮਿਲ ਗਏ ਸੁਖ ਸਾਰੇ,
ਔਖੇ ਜਗਤ ਸਮੁੰਦਰ ਨੂੰ ਤਰ ਗਏ ਨੇ ।
ਨਹੀਂ ਤ੍ਰਿਸ਼ਨਾਂ ਦੀ ਅੱਗ ਵਿੱਚ ਸੜੇ ਮੁੜ ਕੇ,
ਪ੍ਰੇਮਾ ਭਗਤੀ ਦੇ ਨਾਲ ਜੋ ਭਰ ਗਏ ਨੇ ।
ਸਾਰੀ ਮੁੱਕ ਗਈ ਭਟਕਨਾ ਲਾਲਚਾਂ ਦੀ ,
ਮਨ ਪੂਰੇ ਦੇ ਵਿਚ ਟਿਕਾ ਲਿਆ ਹੈ ।
ਸਦਾ ਸਿਮਰਦੇ ਇਕ ਪਰਮਾਤਮਾ ਨੂੰ ,
ਉਸੇ ਇਕ ਨੂੰ ਮਨ ਵਿਚ ਵਸਾ ਲਿਆ ਹੈ ।
ਦਿਨ ਮਹੀਨੇ ਮਹੂਰਤ ਨੇ ਸਭ ਚੰਗੇ,
ਬਖ਼ਸ਼ਿਸ਼ ਜੀਹਦੇ ਤੇ ਉਹਦੀ ਅਪਾਰ ਹੋ ਜਾਏ ।
ਨਾਨਕ ਉੱਤੇ ਵੀ ਪ੍ਰਭੂ ਜੀ ਕਰੋ ਕਿਰਪਾ,
ਇੱਕੋ ਮੰਗ ਹੈ ਤੇਰਾ ਦੀਦਾਰ ਹੋ ਜਾਏ ।

### ਵਿਅਖਿਆ

"ਬਾਰਹ ਮਾਹ" ਬਾਣੀਦੇ ਸਿਰਲੇਖ ਹੇਠ ਮਾਂਝ ਰਾਗ ਵਿਚ ਦਰਜ ਇਸ ਰਚਨਾ ਦੇ ਅੰਤ ਵਿਚ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੂਰੀ ਰਚਨਾ ਦਾ ਸਾਰ ਬਿਆਨ ਕਰਦੇ ਹੋਏ ਇਹ ਫ਼ਰਮਾਉਂਦੇ ਹਨ :

ਕਿ ਦਿਨਾਂ ਦਾ ਮਹੀਨਿਆਂ ਦਾ ਮਹੂਰਤ ਜਾਂ ਸੰਗ੍ਰਾਂਦ ਦਾ ਕੋਈ ਮਹੱਤਵ ਨਹੀਂ ਹੈ।

ਜਿਨ੍ਹਾਂ-ਜਿਨ੍ਹਾਂ ਨੇ ਜਦੋਂ-ਜਦੋਂ ਵੀ ਪ੍ਰਮਾਤਮਾ ਦਾ ਨਾਮ ਜਪਿਆ ਹੈ ਉਹਨਾਂ ਦੇ ਸਾਰੇ ਹੀ ਕੰਮ ਉਸ ਨੇ ਸਵਾਰ ਦਿੱਤੇ ਹਨ।

ਉਹ ਹਰ ਤਰ੍ਹਾਂ ਦੀ ਮਾਇਆ ਦੇ ਪ੍ਰਭਾਵ ਤੋਂ ਬਚੇ ਰਹਿੰਦੇ ਹਨ ਅਤੇ ਉਸ ਦੀ ਦਰਗਾਹ ਵਿੱਚ ਸੁਰਖਰੂ ਹੋ ਕੇ ਜਾਂਦੇ ਹਨ।

ਉਹਨਾਂ ਲਈ ਦਿਨ ਅਤੇ ਵਾਰ ਸਾਰੇ ਹੀ ਭਲੇ ਹਨ, ਦਿਨ ਵਾਰ ਦਾ ਕੋਈ ਵਹਿਮ ਭਰਮ ਨਹੀ ਹੈ।

ਹਮੇਸ਼ਾਂ ਹੀ ਪਰਮਾਤਮਾ ਦੀ ਕਿਰਪਾ ਅਤੇ ਉਸਦਾ ਦੀਦਾਰ ਮੰਗਣਾ ਚਾਹੀਦਾ ਹੈ।

ਇਸ ਬਾਣੀ ਵਿਚ ਵੀ ਵੱਖ ਵੱਖ ਮਹੀਨਿਆਂ ਨੂੰ ਅਧਾਰ ਬਣਾ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨ ਤੇ ਜ਼ੋਰ ਦਿੱਤਾ ਗਿਆ ਹੈ।

ਆਗਮਨ ਪੁਰਬ ਤੇ ਵਿਸ਼ੇਸ਼-

## ਭਗਤ ਰਵਿਦਾਸ ਜੀ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ). +91 98728 60488



ਸਦੀਆਂ ਬਾਅਦ ਪੈਗੰਬਰ ਕੋਈ ਹੋਏ ਪੈਦਾ,
ਜਿਹੜਾ ਤਪਦੀ ਲੋਕਾਈ ਨੂੰ ਠਾਰ ਦੇਵੇ।
ਕਦੇ ਕਦਾਈਂ ਹੀ ਮਾਲੀ ਕੋਈ ਆਏ ਐਸਾ,
ਜਿਹੜਾ ਉੱਜੜੇ ਬਾਗ ਸੁਆਰ ਦੇਵੇ।
ਕਦੇ ਬੇੜੀ ਨੂੰ ਮਿਲੇ ਮਲਾਹ ਐਸਾ,
ਜੋ ਤੂਫਾਨਾਂ 'ਚੋਂ ਕੱਢ ਲਾ ਪਾਰ ਦੇਵੇ।
ਕਦੇ ਨਾਨਕ, ਗੋਬਿੰਦ, ਰਵਿਦਾਸ ਆ ਕੇ,
ਡੁੱਬਦੀ ਹੋਈ ਮਨੁੱਖਤਾ ਤਾਰ ਦੇਵੇ।

ਪ੍ਰਭੂ ਬੈਠ ਕੇ ਆਪ ਰਵਿਦਾਸ ਅੰਦਰ,
ਵਾਰਾਨਸੀ ਦੇ ਭਾਗ ਜਗਾਉਣ ਆਇਆ।
ਉਹਦੀ ਜਾਤ ਨੂੰ ਕਹਿੰਦੇ ਸੀ ਨੀਚ ਜਿਹੜੇ,
ਉਹਨਾਂ ਲੋਕਾਂ ਨੂੰ ਸਬਕ ਸਿਖਾਉਣ ਆਇਆ।
ਤਿੱਖੀ ਰੰਬੀ ਨੇ ਚਮੜਾ ਹੀ ਨਹੀਂ ਲਾਹਿਆ,
ਖੱਲ ਜ਼ੁਲਮਾਂ ਦੀ ਵੀ ਉਹ ਲਾਹੁਣ ਆਇਆ।
ਸੂਈ ਉਹਦੀ ਨੇ ਦੁਖੀਆਂ ਦੇ ਫੱਟ ਸੀਤੇ,
ਮਲ੍ਹਮ ਉਹਨਾਂ ਦੇ ਫੱਟਾਂ 'ਤੇ ਲਾਉਣ ਆਇਆ।

ਰਟਨ ਵੇਦਾਂ ਦਾ ਕਰਨ ਜੋ ਉਮਰ ਸਾਰੀ,
ਜਾਣੇ ਜਾਂਦੇ ਸੀ ਜੋ ਵਿਦਵਾਨ ਪੰਡਤ।
ਜੇਕਰ ਸ਼ੂਦਰ ਦੇ ਕੰਨਾਂ 'ਚ ਪਏ ਮੰਤਰ,
ਸਿੱਕਾ ਢਾਲ ਕੇ ਪਾਉਣ ਮਹਾਨ ਪੰਡਤ।
ਅੰਤਰ- ਆਤਮਾ 'ਚੋਂ ਰਵਿਦਾਸ ਦੇ ਜਦ,
ਫੁੱਟਿਆ ਗਿਆਨ ਤੇ ਹੋਇਆ ਹੈਰਾਨ ਪੰਡਤ।
ਜਿਹਦੀ ਜਾਤ ਦੇ ਨੇੜ ਕੋਈ ਢੁੱਕਦਾ ਨਾ,
ਹੱਥੀਂ ਆਪਣੇ ਕਰਨ ਸਨਮਾਨ ਪੰਡਤ।

ਨਾ ਕੋਈ ਗੁਰੂ ਨਾ ਵਿਦਿਆ ਹੋਈ ਹਾਸਲ,
ਐਪਰ ਅੰਦਰੋਂ ਫੁੱਟੀ ਸੰਗੀਤ ਬਾਣੀ।
ਜੁੱਤੀ ਗੰਢਦਿਆਂ ਮਨ ਵੀ ਗਿਆ ਗੰਢਿਆ,
ਸੱਚੇ ਰੱਬ ਦੇ ਨਾਲ ਪ੍ਰੀਤ ਬਾਣੀ।

'ਅਬ ਤੂਹੀ' ਮੇਰੀ ਨਾ ਹੋਂਦ ਕੋਈ,
ਇਹ ਤਾਂ ਮੁਕਤੀ ਦੇ ਦਰ ਦਾ ਗੀਤ ਬਾਣੀ।
ਵਿਸ਼ੇ-ਵਿਕਾਰਾਂ ਦੀ ਮੈਲ਼ ਨੂੰ ਲਾਹ ਸੁੱਟੇ,
ਜੇਕਰ ਬਣ ਜਾਏ ਸਾਡੀ ਇਹ ਮੀਤ ਬਾਣੀ।

40 ਸ਼ਬਦ ਤੇ ਇੱਕ ਸਲੋਕ ਬਾਣੀ,
16 ਰਾਗਾਂ 'ਚ ਦਿੱਤੀ ਉਚਾਰ ਉਹਨਾਂ।
'ਤੋਹੀ ਮੋਹੀ' ਦਾ ਅੰਤਰ ਮਿਟਾ ਦਿੱਤਾ,
ਲਾਹਿਆ ਮਨ ਤੋਂ ਹਉਮੈਂ ਦਾ ਭਾਰ ਉਹਨਾਂ।
'ਬੇਗਮਪੁਰੇ' ਦੇ ਵਾਸੀ ਹੀ ਹੋਣ ਸਾਰੇ,
ਦਿੱਤਾ ਅਸਲੋਂ ਨਵਾਂ ਵਿਚਾਰ ਉਹਨਾਂ।
ਦੀਨ-ਦੁਖੀਆਂ ਗਰੀਬਾਂ ਦਾ ਪੱਖ ਲੈ ਕੇ,
ਕੀਤਾ ਨੀਵਿਆਂ ਉੱਤੇ ਉਪਕਾਰ ਉਹਨਾਂ।

ਮੇਰੇ ਦਾਤਿਆ ਤੇਰੇ ਇਸ ਦੇਸ਼ ਅੰਦਰ,
ਦਸਾਂ ਨਹੁੰਆਂ ਦੀ ਕਿਰਤ ਮਹਾਨ ਭੁੱਲ ਗਏ।
ਏਥੇ ਮਜ਼੍ਹਬਾਂ ਦੇ ਰੇੜਕੇ ਪਏ ਰਹਿੰਦੇ,
ਲੋਕੀਂ ਆਪਣਾ ਦੀਨ-ਇਮਾਨ ਭੁੱਲ ਗਏ।
ਸਾਨੂੰ ਹਉਮੈਂ ਦੀ ਅੱਗ ਨੇ ਸਾੜ ਸੁੱਟਿਆ,
ਰਵਿਦਾਸ ਜੀ- ਤੇਰਾ ਗਿਆਨ ਭੁੱਲ ਗਏ।
'ਦੀਸ਼' ਆਖਦੀ ਸਾਨੂੰ ਸੁਮੱਤ ਦੇ ਦੇ,
ਅਸੀਂ ਜੀਵਨ ਦੀ ਸਹੀ ਪਹਿਚਾਨ ਭੁੱਲ ਗਏ।

# ਗੁਰਬਾਣੀ ਤੇ ਕੁਆਂਟਮ ਮਕੈਨਿਕਸ (ਭਾਗ -1)
## (Gurbani and Quantum Mechanics : Part – 1)

ਕਰਨਲ (ਡਾ.) ਦਲਵਿੰਦਰ ਸਿੰਘ ਗ੍ਰੇਵਾਲ, ਲੁਧਿਆਣਾ (ਭਾਰਤ)



**ਕੁਆਂਟਮ ਮਕੈਨਿਕਸ ਕੀ ਹੈ?**
**(What is Quantum Mechanics ?)**

"ਕੁਆਂਟਾ" (Quanta) ਸ਼ਕਤੀ ਦਾ ਇਕ ਅਤਿਅੰਤ ਛੋਟਾ ਭਾਗ ਹੈ। ਸ਼ਕਤੀ ਦੇ ਤਿੰਨ ਰੂਪ ਹਨ: 4 % ਜੋ ਦਿਸਦੀ ਹੈ, 22% ਪਦਾਰਥ (ਡਾਰਕ ਮੈਟਰ) ਤੇ 84% ਅਦ੍ਰਿਸ਼ (ਡਾਰਕ ਐਨਰਜੀ)। ਇਹ ਤਿੰਨੇ ਰੂਪ ਆਪਸ ਵਿਚ ਬਦਲਦੇ ਰਹਿੰਦੇ ਹਨ।ਐਟਮ ਨਿਊਟਰੋਨ, ਪਰੋਟੋਨ ਤੇ ਇਲੈਕਟ੍ਰੋਨ ਦਾ ਬਣਿਆ ਹੋਇਆ ਹੈ। ਇਸ ਵਿਚ ਇਲੈਕਟ੍ਰੋਨ ਇਹੋ ਜਿਹਾ ਭਾਗ ਹੈ ਜੋ ਐਟਮ ਦੇ ਦੁਆਲੇ ਤੇ ਫਿਰ ਅਪਣੇ ਧੁਰੇ ਦੇ ਦਆਲੇ ਲਗਾਤਾਰ ਘੁੰਮਦਾ ਰਹਿੰਦਾ ਹੈ। ਸਾਰਾ ਵਿਸ਼ਵ ਐਟਮਾਂ ਦਾ ਹੀ ਬਣਿਆ ਹੋਇਆ ਹੈ।ਇਸੇ ਲਈ ਦੁਨੀਆਂ ਵਿਚ ਕੁਝ ਵੀ ਸਥਾਈ ਨਹੀ। ਸੋ ਕੁਅੰਟਾ ਪਦਾਰਥ ਵੀ ਹੈ ਤੇ ਲਹਿਰ ਵੀ, ਦੋਨੋਂ।

**ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ:**

**ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਆਕਾਰੁ॥ ਪਨਾਂ 466॥**

**ਆਪੇ ਸੂਖਮੁ ਭਾਲੀਐ ਆਪੇ ਪਾਸਾਰੁ॥ਪਨਾਂ 556:17॥**

**ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ॥ਪੰਨਾ 281॥**

**ਸੂਖਮ ਮਹਿ ਜਾਨੈ ਅਸਥੂਲੁ॥ਪੰਨਾ 274॥**

**ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ॥ ਪੰਨਾ 102॥**

**ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ॥ ਪਨਾਂ 987॥**

ਪਦਾਰਥ ਦਾ ਸਥੂਲ ਰੂਪ ਤੇ ਲਹਿਰ ਦਾ ਅਸਥੂਲ਼ ਰੂਪ ਇਕੋ ਪ੍ਰਮਾਤਮਾਂ ਤੇ ਉਸਦੀ ਰਚਨਾ ਦੇ ਦੋ ਰੂਪ ਹਨ।


**ਆਈਨਸਟੀਨ** (Einstein) ਮੁਤਾਬਕ ਰੱਬ ਮੂਲ਼ਭੂਤ ਤਤ ਹੈ। ਗੁਰਬਾਣੀ ਅਨੁਸਾਰ:

**ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ॥(ਪੰਨਾ 553)॥**

ਇਸ ਪਰਮ ਤਤ ਦੇ ਅਧੀਨ ਸਾਰੇ ਤਤ ਹਨ. ਸਾਰੀਆਂ ਜੀਵਆਤਮਾ ਹਨ।ਸਾਇੰਸਦਾਨ ਤੇ ਅਧਿਆਤਮਕ ਗੁਰੂ ਮੰਨਦੇ ਹਨ ਕਿ ਸਾਰਾ ਜਗ ਬਦਲਣਹਾਰ ਹੈ ਜਨਮ-ਮਰਨ ਵੀ ਲਗਾਤਾਰ ਹੋ ਰਹੀ ਤਬਦੀਲੀ ਦਾ ਹਿਸਾ ਹੈ ਜਿਸ ਵਿਚ ਸਰੀਰ ਤੇ ਸ਼ਕਲਾਂ ਹੀ ਬਦਲਦੀਆਂ ਹਨ ਪਰਮਾਤਮਾ ਨੂੰ ਸ਼ਕਤੀ ਮੰਨਿਆ ਗਿਆ ਹੈ ਤੇ ਸਰਬ ਸ਼ਕਤੀਮਾਨ ਕਿਹਾ ਗਿਆ ਹੈ ਜੋ ਸਾਰੇ ਪਦਾਰਥਾਂ ਦਾ ਧੁਰਾ ਹੈ।ਸਾਰਾ ਵਿਸ਼ਵ ਇਕ ਸ਼ਕਤੀ ਹੈ ਜੋ ਲਗਾਤਾਰਤਾ ਜੁੜਿਆ ਹੋਇਆ ਹੈ ।

**ਗੁਰਬਾਣੀ ਅਨੁਸਾਰ** ਪਹਿਲਾਂ ਸਾਰੇ ਪਾਸੇ ਅੰਧਕਾਰ ਸੀ ਭਾਵ "ਡਾਰਕ ਐਨਰਜੀ" ਫੈਲੀ ਹੋਈ ਸੀ।

**ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥1॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ॥ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥ ਪੰਨਾ 1035॥**




ਪ੍ਰਮਾਤਮਾਂ ਆਪ ਸੁੰਨ ਅਵਸਥਾ ਵਿਚ ਸੀ ਜਿਸਤੋਂ ਉਸ ਨੇ ਲਹਿਰਾਂ ਤੋਂ ਪਦਾਰਥ ਬਣਾਏ।ਪਹਿਲਾਂ ਪਵਨ, ਫਿਰ ਅਗਨੀ (ਲਹਿਰ) ਤੇ ਫਿਰ ਪਾਣੀ (ਦੋ ਗੈਸਾਂ ਦੇ ਮੇਲ ਤੋਂ) ਰਚੇ। ਵਿਚ ਆਪਣੀ ਜਤਿ ਸਮਾ ਕੇ ਜੀਵਨ ਪਾਇਆ।

**ਸੁੰਨ ਕਲਾ ਅਪਰੰਪਰਿ ਧਾਰੀ॥ ਆਪਿ ਨਿਰਾਲਮੁ ਅਪਰ ਅਪਾਰੀ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥ਪੰਨਾ 1035॥**

ਇਹ ਸਭ ਸ਼ਬਦ ਦੀ ਲਹਿਰ ਰਾਹੀਂ ਹੀ ਪੈਦਾ ਕੀਤਾ। ਸ਼ਬਦ ਦੀ ਲਹਿਰ ਤੋਂ ਬਿਨਾਂ ਕੁਝ ਵੀ ਨਹੀਂ। ਪ੍ਰਮਾਤਮਾ ਨੇ ਇਹ ਸ਼ਕਤੀ ਇਕੋ ਵਾਰ ਹੀ ਪਾਈ ਤੇ ਇਸ ਨੂੰ ਬਦਲ ਕੇ ਵੱਖ ਵੱਖ ਰੂਪ ਕਰੀ ਜਾਂਦਾ ਹੈ। ਇਹ ਸ਼ਕਤੀ ਨਾ ਘਟਦੀ ਹੈ ਤੇ ਨਾ ਵਧਦੀ ਹੈ, ਸਿਰਫ ਰੂਪ ਬਦਲਦੀ ਹੈ।

**ਜੇਤਾ ਕੀਤਾ ਤੇਤਾ ਨਾਉ ॥ਵਿਣੁ ਨਾਵੈ ਨਾਹੀ ਕੋ ਥਾਉ॥ਪੰਨਾ 4॥**

**ਜੋ ਕਿਛੁ ਪਾਇਆ ਸੁ ਏਕਾ ਵਾਰ ॥ ਕਰਿ ਕਰਿ ਵੇਖੈ ਸਿਰਜਣਹਾਰੁ॥ਨਾਨਕ ਸਚੇ ਕੀ ਸਾਚੀ ਕਾਰ॥ ਪੰਨਾ 7॥**

**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥ ਪੰਨਾ 11॥**

**ਅੰਤੁ ਨ ਸਿਫਤੀ ਕਹਣਿ ਨ ਅਮਤੁ॥ ਅੰਤੁ ਨ ਕਰਣੈ ਦੇਣਿ ਨ ਅਮਤੁ॥ ਅੰਤੁ ਨ ਵੇਖਣਿ ਸੁਣਣਿ ਨ ਅੰਤੁ॥ ਅੰਤੁ ਨ ਜਾਪੈ ਕਿਆ ਮਨਿ ਮੰਤੁ॥ ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥ ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥ ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥ ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ ਏਵਡ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥ ਜੇਵਡੁ ਆਪਿ ਜਾਣੈ ਆਪਿ ਆਪਿ॥ ਨਾਨਕ ਨਦਰੀ ਕਰਮੀ ਦਾਤਿ॥ ਪੰਨਾ 5॥**

**ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ॥ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ਼॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅਮਤੁ॥ਪਨਾਂ 7॥ ਤਿਥੈ ਖੰਡ ਮੰਡਲ ਵਰਭੰਡ॥ਜੇ ਕੋ ਕਥੈ ਤ ਅੰਤ ਨ ਅੰਤ॥ਤਿਥੈ ਲੋਅ ਲੋਅ ਆਕਾਰ॥ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ॥ ਪੰਨਾ 8॥ ਵਡਾ ਆਖੈ ਸਭੁ ਕੋਇ॥ਕੇਵਡੁ ਵਡਾ ਡੀਠਾ ਹੋਇ॥ ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥ ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥ ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ ਪੰਨਾ 10॥**

# (ਗੀਤ) ਮਾਂ ਬੋਲੀ

ਅਮਰਜੀਤ ਕੌਰ, ਮੋਰਿੰਡਾ, ਜਿਲ੍ਹਾ ਰੋਪੜ,
ਪੰਜਾਬ (ਭਾਰਤ): ਸੰਪਰਕ ਨੰਬਰ 7009839007




ਮਾਂ ਬੋਲੀ ਨਿੱਘ ਦੇਵੇ ਸਾਨੂੰ ਲੈ ਕੇ ਵਿਚ ਕਲਾਵੇ ।
ਉਹ ਸਰਾਪੀ ਰੂਹ ਹੈ ਜਿਸ ਨੂੰ ਮਾਂ ਬੋਲੀ ਭੁੱਲ ਜਾਵੇ।
ਲੋਰੀ ਤੋਂ ਵੈਣਾਂ ਤਕ ਜਿਹੜੀ ਸਾਥ ਨਿਭਾਉਂਦੀ ਹੈ
ਬੋਲਦਿਆਂ ਮਾਂ ਬੋਲੀ ਤੈਨੂੰ ਸ਼ਰਮ ਕਿਉਂ ਆਉਂਦੀ ਹੈ

ਮਾਂ ਬੋਲੀ ਵਿਚ ਮਿਲੀ ਵਧਾਈ ਮਾਂ ਬੋਲੀ ਵਿੱਚ ਲੋਰੀ।
ਮਾਂ ਬੋਲੀ ਵਿੱਚ ਸੁਣੀਆਂ ਬਾਤਾਂ ਪਾਈ ਪ੍ਰੇਮ ਦੀ ਡੋਰੀ।
ਭੰਡਾ ਭੰਡਾਰੀਆ,ਥਾਲ ਪਿੱਠੂ ਤੇ ਕਿੱਕਲੀ ਪਾਉਂਦੀ ਹੈ
ਬੋਲਦਿਆਂ ਮਾਂ ਬੋਲੀ ਤੈਨੂੰ ਸ਼ਰਮ ਕਿਉਂ ਆਉਂਦੀ ਹੈ।

ਗੁਰੂਆਂ,ਪੀਰਾਂ, ਭਗਤਾਂ ਨੂੰ ਜੋ ਧੁਰ ਕੀ ਬਾਣੀ ਆਈ ।
ਮਾਂ ਬੋਲੀ ਵਿੱਚ ਰਚ ਕੇ ਬਾਣੀ ਜੀਵਨ-ਜਾਚ ਸਿਖਾਈ।
ਕਿੱਸਾਕਾਰਾਂ, ਸੂਫ਼ੀ ਫ਼ਕੀਰਾਂ, ਨੂੰ ਜੋ ਭਾਉਂਦੀ ਹੈ ।
ਬੋਲਦਿਆਂ ਮਾਂ ਬੋਲੀ ਤੈਨੂੰ ਸ਼ਰਮ ਕਿਉਂ ਆਉਂਦੀ ਐ।

ਖੋਲ੍ਹਣ ਤੀਜਾ ਨੇਤਰ ਤੇਰਾ ਅੱਖਰ ਜਗਮਗ ਕਰਦੇ।
ਟੱਪੇ, ਜੁਗਨੀ, ਛੱਲਾ, ਵਾਰਾਂ ਦਾ, ਜੀਵਨ ਵਿੱਚ ਰਸ ਭਰਦੇ।
ਸੁਹਾਗ, ਘੋੜੀਆਂ,ਸਿੱਠਣੀਆਂ ਗਾ ਸ਼ਗਨ ਮਨਾਉਂਦੀ ਹੈ।
ਬੋਲਦਿਆਂ ਮਾਂ ਬੋਲੀ ਤੈਨੂੰ ਸ਼ਰਮ ਕਿਉਂ ਆਉਂਦੀ ਹੈ।

ਗਿੱਧਾ,ਭੰਗੜਾ,ਲੁੱਡੀ,ਝੂਮਰ,ਨਾਚ ਨੇ ਸਭ ਤੋਂ ਪਿਆਰੇ।
ਪੈਣ ਬੋਲੀਆਂ ਪੱਬ ਉੱਠਦੇ ਜਦ ਆਉਂਦੇ ਖ਼ੂਬ ਨਜ਼ਾਰੇ।
ਮਾਖਿਉਂ ਮਿੱਠੇ ਬੋਲ ਸੁਣਾਂ ਜਦ ਰੂਹ ਨਸ਼ਿਆਉਂਦੀ ਹੈ।
ਲੋਰੀ ਤੋਂ ਵੈਣਾਂ ਤਕ ਜਿਹੜੀ ਸਾਥ ਨਿਭਾਉਂਦੀ ਹੈ।
ਬੋਲਦਿਆਂ ਮਾਂ ਬੋਲੀ ਤੈਨੂੰ ਸ਼ਰਮ ਕਿਉਂ ਆਉਂਦੀਹੈ।

# ਸਜਾਓ ਦਸਤਾਰ ਤੇ ਬਣੋ ਸਰਦਾਰ
## ਭਾਗ 2: ਵਿਰੋਧਤਾ ਤੇ ਸੰਘਰਸ਼

**ਸ੍ਰ. ਗੁਰਚੇਤਨ ਸਿੰਘ ਹਰਿਆਓ, ਡਾ. ਬਲਦੇਵ ਸਿੰਘ, ਡਾ. ਕਾਬਲ ਸਿੰਘ, ਐਡਮਿੰਟਨ (ਕੈਨੇਡਾ)**

(ਨੋਟ: ਇਸ ਲੇਖ ਦਾ ਭਾਗ-1 *"ਦਸਤਾਰ ਦਾ ਇਤਿਹਾਸਕ ਪੱਖ ਤੇ ਸਿੱਖੀ ਵਿੱਚ ਮਹੱਤਵ"* ਪਿਛਲੇ ਅੰਕ ਵਿਚ ਪੜ੍ਹੋ)

ਜਿੱਥੇ ਦਸਤਾਰ ਮਨੁੱਖੀ ਆਨ-ਸ਼ਾਨ ਦਾ ਇਤਿਹਾਸਕ ਚਿੰਨ ਰਹੀ ਹੈ, ਉੱਥੇ ਦੁਨੀਆਂ ਦੇ ਕਈ ਖਿਤਿਆਂ ਵਿਚ ਦਸਤਾਰ ਧਾਰਨ ਦੇ ਇੱਛਕ ਵਿਅਕਤੀਆਂ ਨੂੰ ਕਈ ਤਰ੍ਹਾਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਜੋ ਕੁਝ ਹੱਦ ਤਕ ਅਜੇ ਵੀ ਜਾਰੀ ਹੈ। ਸਿੱਖਾਂ ਨੂੰ ਕਈ ਥਾਵਾਂ ਤੇ ਦਸਤਾਰ ਧਾਰਨ ਕਰਨ ਲਈ ਲੰਬੇ ਸੰਘਰਸ਼ ਕਰਨੇ ਪਏ।

### ਦਸਤਾਰ ਦੀ ਵਿਰੋਧਤਾ

ਮੁਗ਼ਲ ਰਾਜ ਵੇਲੇ ਆਮ ਤੌਰ ਤੇ ਮੁਸਲਮਾਨਾਂ ਤੋਂ ਬਿਨਾਂ ਬਾਕੀ ਧਰਮਾਂ ਦੇ ਲੋਕਾਂ ਨੂੰ ਪਗੜੀ ਬੰਨ੍ਹਣ ਤੇ ਸਜ਼ਾ ਮਿਲਦੀ ਸੀ। ਲੰਮੇ ਸਮੇਂ ਤੋਂ ਇਸ ਤਰ੍ਹਾਂ ਦੀਆਂ ਜ਼ਿਆਦਤੀਆਂ ਸਹਿ ਕੇ ਲੋਕਾਂ ਵਿੱਚ ਬੁਜ਼ਦਿਲੀ ਅਤੇ ਹੀਨ-ਭਾਵਨਾ ਘਰ ਕਰ ਚੁੱਕੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਸਿਖਿਆ ***"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"*** (ਅੰਗ 1427) ਅਨੁਸਾਰ ਦਸਤਾਰ ਸਜਾਉਣ, ਸ਼ਸਤਰ ਰੱਖਣ, ਅਤੇ ਘੋੜਸਵਾਰੀ ਕਰਨ ਦਾ ਹੁਕਮ ਦੇ ਕੇ ਆਪਣੇ ਸਿੱਖਾਂ ਨੂੰ ਮੁਗ਼ਲਾਂ ਨਾਲ ਬਰਾਬਰੀ ਦਾ ਅਹਿਸਾਸ ਕਰਵਾਇਆ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਵੱਖਰੀ ਪਹਿਚਾਨ ਦੇਣ ਦੇ ਨਾਲ ਉਨ੍ਹਾਂ ਵਿੱਚ ਅਜ਼ਾਦੀ, ਸਵੈਮਾਨ ਤੇ ਅਣਖ ਦੀ ਰੂਹ ਫ਼ੂਕ ਕੇ ਜ਼ੁਲਮ, ਬੇਇਨਸਾਫੀ, ਅਤੇ ਭਾਰਤੀ ਸਮਾਜ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਊਚ-ਨੀਚ ਦਾ ਬਹਾਦਰੀ ਨਾਲ ਮੁਕਾਬਲਾ ਕਰਨ ਦਾ ਜਜ਼ਬਾ ਭਰ ਦਿੱਤਾ।

'ਬ੍ਰਿਟਿਸ਼ ਇੰਮਪੀਰੀਅਲ ਵਾਰ ਮਿਊਜ਼ੀਅਮ' ਲੰਡਨ ਦੇ ਇੰਚਾਰਜ ਨੇ ਅੰਗਰੇਜ਼ ਫੌਜੀਆਂ ਦੇ ਸਿਰ ਤੇ ਲੋਹ-ਟੋਪ (helmet) ਅਤੇ ਸਿੱਖਾਂ ਦੇ ਸਿਰ ਤੇ ਦਸਤਾਰਾਂ ਹੋਣ ਬਾਰੇ ਦੱਸਿਆ ਕਿ ਅਫ਼ਗਾਨਾਂ ਨਾਲ ਲੜਾਈ ਸਮੇਂ ਸਿੱਖ ਫੌਜੀਆਂ ਨੇ ਲੋਹ-ਟੋਪ ਪਾਉਣ ਤੋਂ ਇਨਕਾਰ ਕਰ ਦਿੱਤਾ। ਅੰਗਰੇਜ਼ ਅਧਿਕਾਰੀਆਂ ਨੇ ਕਿਹਾ ਕਿ ਜੇ ਤੁਸੀਂ ਲੋਹ-ਟੋਪ ਨਾ ਪਾਏ ਤਾਂ ਮਰਨ ਤੋਂ ਬਾਦ ਤੁਹਾਡੇ ਪਰਿਵਾਰਾਂ ਨੂੰ ਪੈਨਸ਼ਨ ਨਹੀਂ ਮਿਲੇਗੀ। ਸਿੱਖ ਫੌਜੀਆਂ ਨੇ ਲਿਖ ਕੇ ਦੇ ਦਿੱਤਾ ਕਿ ਸਿਰ ਵਿਚ ਗੋਲੀ ਨਾਲ ਮਰਨ ਤੇ ਉਨ੍ਹਾਂ ਦੇ ਪਰਿਵਾਰ ਪੈਨਸ਼ਨ ਦੇ ਹਕਦਾਰ ਨਹੀਂ ਹੋਣਗੇ।

ਦਸਮੇਸ਼ ਪਿਤਾ ਵਲੋਂ ਬਖਸ਼ੀ ਦਸਤਾਰ ਨਾਲ ਜਾਨ ਨਾਲੋਂ ਵੱਧ ਪਿਆਰ ਕਰਨ ਦੀ ਇਹ ਅਦੁੱਤੀ ਮਿਸਾਲ ਹੈ।ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਮਹਾਰਾਣੀ ਜਿੰਦ ਕੌਰ, ਜੋ ਅੰਗਰੇਜ਼ਾਂ ਦੀ ਕੈਦ ਵਿੱਚ ਸੀ, ਨੂੰ 1861 ਵਿੱਚ ਆਪਣੇ ਜਲਾਵਤਨ ਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਮਿਲਨ ਦੀ ਆਗਿਆ ਮਿਲੀ। ਮਿਲਨੀ ਵੇਲੇ ਪਤਾ ਲਗਣ ਤੇ ਕਿ ਪੁੱਤਰ ਦੇ ਸਿਰ ਤੇ ਕੇਸ ਤੇ ਦਸਤਾਰ ਨਹੀਂ ਹਨ, ਉਸਨੇ ਵਿਰਲਾਪ ਕਰਨਾ ਸ਼ੁਰੂ ਕਰ ਦਿੱਤਾ। ਮਹਾਰਾਜਾ ਨੇ ਮਾਂ ਨਾਲ ਸਿੱਖੀ ਸਰੂਪ ਧਾਰਣ ਦਾ ਇਕਰਾਰ ਕੀਤਾ, ਪਰ ਉਸਦੀ ਕੋਸ਼ਿਸ਼ ਅੰਗਰੇਜ਼ ਸਰਕਾਰ ਨੇ ਪੂਰੀ ਨਾ ਹੋਣ ਦਿੱਤੀ।

ਸ਼ਹੀਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਨੇ ਜੇਲ ਵਿਚ ਟੋਪੀ ਪਾਉਣੋ ਨਾਂਹ ਕਰ ਦਿੱਤੀ ਅਤੇ ਮੋਰਚਾ ਲਾਇਆ। ਕਈ ਦਿਨ ਬਾਦ ਸਰਕਾਰ ਨੇ ਸਾਰੇ ਸਿੱਖ ਕੈਦੀਆਂ ਨੂੰ ਦਸਤਾਰਾਂ ਪਾਉਣ ਦਿੱਤੀਆਂ। ਸੰਨ 1922 ਵਿੱਚ ਅੰਗਰੇਜ਼ ਸਰਕਾਰ ਨੇ ਮਸ਼ਹੂਰ ਦੇਸ਼ ਭਗਤ ਬਾਬਾ ਖੜਕ ਸਿੰਘ ਅਤੇ ਹੋਰ ਸਿੱਖ ਕੈਦੀਆਂ ਉਤੇ ਜੇਲ ਵਿੱਚ ਦਸਤਾਰ ਸਜਾਉਣ ਤੇ ਰੋਕ ਲਾ ਦਿੱਤੀ। ਬਾਬਾ ਜੀ ਨੇ ਮੋਰਚਾ ਲਾ ਦਿੱਤਾ ਤੇ ਸਾਢੇ ਪੰਜ ਸਾਲ ਸਿਰਫ ਕਛਹਿਰਾ ਪਹਿਨਦੇ ਰਹੇ। 1927 ਵਿੱਚ ਬਿਨਾਂ ਸ਼ਰਤ ਰਿਹਾਈ ਵੇਲੇ ਕਾਲੀ ਪੱਗ ਬੰਨ੍ਹਕੇ ਬਾਹਰ ਆਏ। ਕਿਉਂਕਿ ਕਾਲੇ ਰੰਗ ਦਾ ਕੱਪੜਾ ਰੋਸ ਅਤੇ ਵਿਦਰੋਹ ਦਾ ਚਿੰਨ ਮੰਨਿਆਂ ਜਾਣ ਲੱਗਾ ਸੀ, ਕਾਲੇ ਰੰਗ ਦੀ ਦਸਤਾਰ ਤੇ ਹੋਰ ਕਪੜਿਆਂ ਦੀ ਵਰਤੋਂ ਕਈ ਸਾਲ ਆਮ ਰਹੀ।

ਉਦਾਹਰਣ ਵਜੋਂ ਮੇਰੇ (ਬਲਦੇਵ ਸਿੰਘ ਦੇ) ਮਾਤਾ ਪਿਤਾ ਦਸਦੇ ਸਨ ਕਿ 1932 ਵਿਚ ਉਨ੍ਹਾਂ ਦੇ ਵਿਆਹ ਵੇਲੇ ਸਾਰੇ ਬਰਾਤੀਆਂ ਤੇ ਮੇਲੀਆਂ ਨੇ ਕਾਲੀਆਂ ਦਸਤਾਰਾਂ ਸਜਾਈਆਂ ਜਾਂ ਕਾਲੀਆਂ ਚੁੰਨੀਆਂ ਲਈਆਂ ਸਨ। ਘੋੜਿਆਂ ਦੀਆਂ ਕਾਠੀਆਂ ਉੱਤੇ ਵੀ ਕਾਲੇ ਖੇਸ ਪਾਏ ਸਨ। ਪੁਰਾਣੇ ਸਿੱਖਾਂ ਦੇ ਖ਼ੂਨ ਵਿੱਚ ਦਸਤਾਰ ਪ੍ਰਤੀ ਅਥਾਹ ਜੋਸ਼ ਤੇ ਅਣਖੀਲਾ ਜਜ਼ਬਾ ਸੀ, ਅਤੇ ਉਹ ਦਸਤਾਰ ਦੇ ਸਤਿਕਾਰ ਲਈ ਹਰ ਤਰ੍ਹਾਂ ਦੀ ਕੁਰਬਾਨੀ ਵਾਸਤੇ ਤਿਆਰ ਰਹਿੰਦੇ ਸਨ।

ਭਾਰਤ ਵਿਚ ਕਿਸੇ ਨਾ ਕਿਸੇ ਰੂਪ ਵਿੱਚ ਦਸਤਾਰ ਦੀ ਵਿਰੋਧਤਾ ਚਲਦੀ ਰਹੀ ਹੈ। 'ਪੱਗ ਸਿਰ ਤੇ ਰਹਿਣ ਨਹੀਂ ਦੇਣੀ' ਵਰਗੇ ਫਿਰਕਾਪ੍ਰਸਤ ਨਾਹਰੇ ਲਗਦੇ ਰਹੇ ਹਨ। ਕੁਝ ਲੋਕਾਂ ਅਤੇ ਸਰਕਾਰਾਂ ਦੇ ਸਿੱਖ ਅਤੇ ਦਸਤਾਰ ਵਿਰੋਧੀ ਵਤੀਰੇ ਬਾਰੇ ਖਬਰਾਂ ਆਉਦੀਆਂ ਰਹਿੰਦੀਆਂ ਹਨ। ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ 1984 ਦੇ ਸਿੱਖ ਕਤਲੇਆਮ ਦੌਰਾਨ ਦਸਤਾਰਧਾਰੀ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ। ਫਿਰਕਾਪ੍ਰਸਤੀ ਦਾ ਨੰਗਾ ਨਾਚ ਸਾਰੀ ਦੁਨੀਆਂ ਨੇ ਦੇਖਿਆ, ਹਜ਼ਾਰਾਂ ਬੇਕਸੂਰ ਮਾਰੇ ਗਏ, ਪ੍ਰੰਤੂ ਇਨਸਾਫ਼ ਦੀ ਕਿਰਨ ਅਜੇ ਕਿਤੇ ਨਜ਼ਰ ਨਹੀਂ ਆਉਂਦੀ।

**ਦਸਤਾਰ ਸਜਾਉਣ ਦੇ ਹੱਕ ਲਈ ਸੰਘਰਸ਼**

ਇੰਗਲੈਂਡ ਵਿੱਚ 1972 ਦੇ ਕਾਨੂੰਨ ਹੇਠ ਦੋ-ਪਹੀਆ ਵਾਹਨ ਚਲਾਉਣ ਲਈ ਲੋਹ-ਟੋਪ ਪਾਉਣਾ ਜ਼ਰੂਰੀ ਕਰ ਦੇਣ ਦੇ ਵਿਰੋਧ ਵਿੱਚ ਸਿੱਖਾਂ ਨੇ ਸੰਘਰਸ਼ ਕੀਤਾ। ਅੰਗਰੇਜ਼ ਪਾਰਲੀਮੈਂਟ ਮੈਂਬਰਾਂ ਸਿਡਨੀ ਬਿਡਵੈਲ ਅਤੇ ਵਿਨਸਟਨ ਚਰਚਿਲ ਦੇ ਪੋਤਰੇ ਲਾਰਡ ਮੋਬਰੇ ਵਲੋਂ ਸਿੱਖਾਂ ਤੇ ਦਸਤਾਰ ਬਾਰੇ ਬਹੁਤ ਚੰਗੇ ਬਿਆਨ ਦੇਣ ਉਪਰੰਤ ਦਸਤਾਰਧਾਰੀ ਸਿੱਖਾਂ ਲਈ ਇੰਗਲੈਂਡ ਵਿੱਚ ਲੋਹ-ਟੋਪ ਪਾਉਣ ਤੋਂ ਛੋਟ ਮਿਲੀ। ਵੁਲਵਰਹੈਂਪਟਨ, ਇੰਗਲੈਂਡ ਵਿਚ ਇੱਕ ਛੇਵੀਂ ਕਲਾਸ ਦੇ ਸਿੱਖ ਬੱਚੇ ਨੂੰ ਦਸਤਾਰ ਬੰਨ੍ਹਣ ਕਾਰਨ ਸਕੂਲ ਵਿੱਚੋਂ ਕੱਢੇ ਜਾਣ ਤੇ ਉਹ ਗੱਤੇ ਉਪਰ ਇਸਦਾ ਕਾਰਨ ਲਿਖ ਕੇ ਸਾਰੀ ਰਾਤ ਸਕੂਲ ਅਗੇ ਖੜਾ ਰਿਹਾ। ਅਗਲੇ ਦਿਨ ਸਿੱਖਿਆ ਵਿਭਾਗ ਦੇ ਉਚ-ਅਧਿਕਾਰੀ ਵਲੋਂ ਉਸਨੂੰ ਸਕੂਲ ਵਿਚ ਦਾਖਲ ਕਰਨ ਨਾਲ ਇੰਗਲੈਂਡ ਵਿਚ ਸਿੱਖ ਬੱਚਿਆਂ ਨੂੰ ਦਸਤਾਰ ਨਾਲ ਸਕੂਲ ਜਾਣ ਦੀ ਖੁੱਲ ਹੋਈ।

ਕਲਾਰਕ ਐਲਨ ਹੈਰਿਸ ਤੋਂ ਗੁਰਸੰਤ ਸਿੰਘ ਸਜੇ ਗੋਰੇ ਸਿੱਖ ਨੂੰ ਅਮਰੀਕਨ ਫੌਜ ਵਿਚ ਭਰਤੀ ਕਰਨ ਤੋਂ ਨਾਂਹ ਕੀਤੀ ਗਈ। ਬਹਾਨਾ ਦਿੱਤਾ ਗਿਆ ਕਿ ਪਗੜੀ ਤੇ ਦਾਹੜੀ ਕਰਕੇ ਗੈਸ ਮਾਸਕ (mask) ਠੀਕ ਨਹੀਂ ਬੱਝਦਾ ਅਤੇ ਚੰਗੀ ਤਰ੍ਹਾਂ ਦੌੜਿਆ ਨਹੀਂ ਜਾ ਸਕਦਾ। ਕੈਨੇਡਾ ਵਿੱਚ 1988-90 ਦੌਰਾਨ ਸਿੱਖ ਨੌਜਵਾਨ ਬਲਤੇਜ ਸਿੰਘ ਢਿੱਲੋਂ ਨੇ ਲੰਬੇ ਸੰਘਰਸ਼ ਬਾਦ ਰਾਇਲ ਕੈਨੇਡੀਅਨ ਮਾਂਊਟਡ ਪੁਲੀਸ (ਛੰਫ) ਵਿੱਚ ਦਸਤਾਰ ਸਮੇਤ ਡਿਊਟੀ ਕਰਨ ਦਾ ਅਧਿਕਾਰ ਪ੍ਰਾਪਤ ਕੀਤਾ।ਸਾਬਕਾ ਫੌਜੀਆਂ ਦੀਆਂ ਸੰਸਥਾਵਾਂ (Royal Canadian Legions) ਦੀਆਂ ਇਮਾਰਤਾਂ ਵਿੱਚ ਦਸਤਾਰ ਨਾਲ ਦਾਖਲ ਹੋਣ ਵੇਲੇ 1993 ਵਿਚ ਮਨਾਹੀ ਦੇ ਵਿਰੁੱਧ ਸਾਬਕਾ ਸਿੱਖ ਫੌਜੀਆਂ ਨੇ ਸੰਘਰਸ਼ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਕੈਨੇਡੀਅਨ ਫੌਜ ਵਿੱਚ ਹੁਣ ਦਸਤਾਰ ਬੰਨ੍ਹਣ ਦੀ ਪੂਰੀ ਖੁੱਲ ਹੈ।ਕੈਨੇਡਾ ਦੇ ਕਈ ਸ਼ਹਿਰਾਂ ਵਿੱਚ ਪੱਗ ਬੰਨ੍ਹ ਕੇ ਸਿਟੀ ਬੱਸਾਂ ਚਲਾਉਣ ਤੇ ਮਨਾਹੀ ਸੀ, ਜੋ ਬਾਅਦ ਵਿੱਚ ਸਿੱਖਾਂ ਦੇ ਵਿਰੋਧ ਕਰਨ ਕਰਕੇ ਹਟਾ ਲਈ ਗਈ। ਅਮਰੀਕਾ ਅਤੇ ਕੈਨੇਡਾ ਦੇ ਬਹੁਤ ਸਾਰੇ ਰਾਜਾਂ ਵਿੱਚ ਲੰਮੇ ਸੰਘਰਸ਼ ਬਾਅਦ ਸਿੱਖਾਂ ਨੂੰ ਦਸਤਾਰ ਬੰਨਕੇ ਮੋਟਰਸਾਈਕਲ ਚਲਾਉਣ ਦੀ ਖੁਲ੍ਹ ਮਿਲੀ।ਅੱਜ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਦਸਤਾਰਧਾਰੀ ਸਿੱਖ ਮੰਤਰੀ, ਪਾਰਲੀਮੈਂਟ ਅਤੇ ਅਸੈਂਬਲੀ ਮੈਂਬਰ, ਸਿਟੀ ਕੌਂਸਲਰ, ਮੇਅਰ, ਆਦਿ ਹਨ, ਜੋ ਸਿੱਖਾਂ ਲਈ ਮਾਣ ਅਤੇ ਉਤਸ਼ਾਹ ਵਧਾਉਣ ਵਾਲੀ ਗੱਲ ਹੈ।

ਬਦਕਿਸਮਤੀ ਨਾਲ 2019 ਵਿਚ ਕੈਨੇਡਾ ਦੇ ਕਿਊਬੈਕ ਸੂਬੇ ਦੀ ਸਰਕਾਰ ਨੇ ਲਗਭਗ ਸਾਰੇ ਸਰਕਾਰੀ ਦਫਤਰਾਂ, ਸਕੂਲਾਂ, ਹਸਪਤਾਲਾਂ ਤੇ ਮੈਡੀਕਲ ਕਲਿਨਕਾਂ, ਪਬਲਿਕ ਟਰਾਂਜ਼ਿਟ, ਆਦਿ ਵਿੱਚ ਦਸਤਾਰ ਸਮੇਤ ਹੋਰ ਧਾਰਮਿਕ ਚਿੰਨਾਂ ਦੇ ਪਹਿਨਣ ਤੇ ਰੋਕ ਲਗਾ ਦਿੱਤੀ, ਜਦ ਕਿ ਕੈਨੇਡਾ ਦੇ ਹੋਰ ਕਿਸੇ ਸੂਬੇ ਵਿਚ ਅਜੇਹੀ ਕੋਈ ਰੋਕ ਨਹੀਂ। ਇਸ ਬੇਇਨਸਾਫ਼ੀ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਹੈ। ਇਸੇ ਤਰਾਂ ਫਰਾਂਸ ਦੇ ਸਕੂਲਾਂ ਵਿਚ ਦਸਤਾਰ ਦਾ ਸੰਘਰਸ਼ ਚਲ ਰਿਹਾ ਹੈ, ਜਿਸਦਾ ਅਜੇ ਕੋਈ ਹੱਲ ਨਹੀ ਨਿਕਲਿਆ।

ਉਪਰ ਲਿਖੀਆਂ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਚਾਹੇ ਦਸਤਾਰ ਦੇ ਮਾਮਲੇ ਵਿੱਚ ਕਾਫ਼ੀ ਸਫ਼ਲਤਾਵਾਂ ਹਾਸਲ ਹੋਈਆਂ ਹਨ, ਸੰਘਰਸ਼ ਲਮੇਂ ਸਮੇਂ ਤੱਕ ਚਲਦਾ ਰਹੇਗਾ। ਕਵੀ ਕਰਮਜੀਤ ਸਿੰਘ 'ਨੂਰ' ਦੀ ਕਿਤਾਬ "*ਪ੍ਰਗਟੀ ਜੋਤ ਪਸਰਿਆ ਨੂਰ* " ਵਿੱਚ ਦਸਤਾਰ ਦੇ ਸੰਘਰਸ਼ ਬਾਰੇ ਕੁਝ ਵਿਚਾਰ ਇਸ ਤਰ੍ਹਾਂ ਲਿਖੇ ਹਨ:

**ਸਿੱਖ ਵਿਰਸੇ ਨੂੰ ਵਾਚਿਆਂ ਪਤਾ ਚਲਦੈ,**
**ਢੂੰਹਦੇ ਰਹੇ ਨੇ ਸਿੱਖ ਬੁਲੰਦੀਆਂ ਕਿਓਂ।**
**ਪੂਰੇ ਵਿਸ਼ਵ ਵਿੱਚ ਸਿੱਖੀ ਦੀ ਚੜ੍ਹਤ ਤੱਕ ਕੇ,**
**ਪੂਰਾ ਵਿਸ਼ਵ ਕ੍ਰੀਚਦੈ ਦੰਦੀਆਂ ਕਿਓਂ।**
**ਸਾਰੇ ਸਿੱਖ ਜੇ ਗੁਰਮਤ ਅਨੁਸਾਰ ਚੱਲਣ,**
**ਸਿੱਖਾਂ ਵਿੱਚ ਹੋਵਣ ਧੜੇਬੰਦੀਆਂ ਕਿਓਂ।**
**ਜੇ ਹਰ ਸਿੱਖ ਦੇ ਸਿਰ ਦਸਤਾਰ ਹੋਵੇ,**
**ਤਾਂ ਦਸਤਾਰ ਤੇ ਲੱਗਣ ਪਾਬੰਦੀਆਂ ਕਿਓਂ।**

**ਨੋਟ: ਦਸਤਾਰ ਸਬੰਧੀ ਵਰਤਮਾਨ ਸਥਿਤੀ ਤੇ ਭਵਿਖ ਦੀ ਲੋੜ (ਭਾਗ 3) ਬਾਰੇ ਅਗਲੇ ਅੰਕ ਵਿਚ ਪੜ੍ਹੋ ਜੀ।**

# ਸਿੱਖ ਦੀ ਦਸਤਾਰ  ਸਿਰ ਦਾ ਤਾਜ

**ਡਾ. ਰਾਜਬੀਰ ਸਿੰਘ ਭੱਟੀ, ਕੈਲਗਰੀ (ਕੈਨੇਡਾ)**

Khalsa Raj General Akali Phoola Singh (1761-1823),
Head of Buddha Dal, Chief of Akal Takht



Harinder Kaur Khalsa, (US Dy. Sheriff )
Almeda County, California



Major Kamal Singh Kalsi (US Army)
(Turbans and Tales – Amit and Naroop)







## ਗੁਰਬਾਣੀ ਮੁਤਾਬਿਕ ਸਵਾਲ-ਜਵਾਬ (ਭਾਗ - 4)

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਓਨਟਾਰੀਓ (ਕੈਨੇਡਾ)

(**ਨੋਟ** : ਇਸ ਲੜੀ ਵਿਚ ਪਿਛਲੇ ਤਿੰਨ ਭਾਗਾਂ ਵਿਚ 'ਗੁਰਬਾਣੀ ਮੁਤਾਬਿਕ ਸਵਾਲ-ਜਵਾਬ' - 1 ਤੋਂ 9 ਤਕ - ਪੜ੍ਹਨ ਲਈ "**ਸਾਂਝੀ ਵਿਰਾਸਤ**" ਦੇ ਨਵੰਬਰ, ਦਸੰਬਰ 2022 ਅਤੇ ਜਨਵਰੀ 2023 ਦੇ ਅੰਕ ਦੇਖੋ ਜੀ)

**10. ਪੰਚਾਂ ਦੀ ਕੀ ਮਹੱਤਤਾ ਹੈ?**

- ਡਾ: ਸਾਹਿਬ ਸਿੰਘ ਮੁਤਾਬਿਕ ਪੰਚ ਉਹ ਮਨੁੱਖ ਹਨ ਜਿਨ੍ਹਾਂ ਨਾਮ ਸੁਣਿਆ ਹੈ ਤੇ ਮੰਨਿਆ ਹੈ, ਉਹ ਮਨੁੱਖ ਜਿਨ੍ਹਾਂ ਦੀ ਸੁਰਤਿ ਨਾਮ ਵਿਚ ਜੁੜੀ ਹੈ ਤੇ ਜਿਨ੍ਹਾਂ ਦੇ ਅੰਦਰ (ਨਾਮ/ਪਰਮੇਸ਼ਰ ਪ੍ਰਤੀ) ਪਰਤੀਤ ਆ ਗਈ ਹੈ।
- ਉਹੀ ਮਨੁੱਖ (ਇੱਥੇ ਜਗਤ ਵਿਚ) ਮੰਨੇ-ਪ੍ਰਮੰਨੇ ਰਹਿੰਦੇ ਹਨ ਅਤੇ ਸਭ ਦੇ ਆਗੂ ਹੁੰਦੇ ਹਨ।

  "ਪੰਚ ਪਰਵਾਣੁ ਪੰਚ ਪਰਧਾਨੁ ॥" ਅੰਗ 3॥

- ਅਕਾਲ ਪੁਰਖ ਦੀ ਦਰਗਾਹ ਵਿਚ ਭੀ ਉਹ ਪੰਚ ਜਨ ਹੀ ਆਦਰ ਪਾਂਦੇ ਹਨ ।

  'ਪੰਚੇ ਪਾਵਹਿ ਦਰਗਹ ਮਾਨੁ ॥ ਅੰਗ 3॥'

- ਰਾਜ-ਦਰਬਾਰਾਂ ਵਿਚ ਭੀ ਉਹ ਪੰਚ ਜਨ ਹੀ ਸੋਭਦੇ ਹਨ।

  "ਪੰਚੇ ਸੋਹਹਿ ਦਰਿ ਰਾਜਾਨੁ ॥" ਅੰਗ 3॥

- ਇਹਨਾਂ ਪੰਚ ਜਨਾਂ ਦੀ ਸੁਰਤ ਦਾ ਨਿਸ਼ਾਨਾ ਕੇਵਲ ਇਕ ਗੁਰੂ ਹੀ ਹੈ (ਸੁਰਤਿ ਗੁਰ-ਸ਼ਬਦ ਵਿਚ ਹੀ ਰਹਿੰਦੀ ਹੈ, ਗੁਰ-ਸ਼ਬਦ ਵਿਚ ਜੁੜੇ ਰਹਿਣਾ ਹੀ ਇਹਨਾਂ ਦਾ ਅਸਲ ਨਿਸ਼ਾਨਾ ਹੈ)।

  "ਪੰਚਾ ਕਾ ਗੁਰੁ ਏਕੁ ਧਿਆਨੁ ॥" ਅੰਗ 3॥

**11. ਕੀ ਕਰਤੇ ਦੀ ਰਚਨਾ ਦੀ ਗਿਣਤੀ ਮਿਣਤੀ/ਲੇਖਾ ਜੋਖਾ ਹੋ ਸਕਦਾ ਹੈ?**

ਬਿਲਕੁਲ ਨਹੀਂ! ਜਿੰਨਾ ਮਰਜ਼ੀ ਵਿਚਾਰ ਕੇ ਦੇਖ ਲਵੋ।



"ਜੇ ਕੋ ਕਹੈ ਕਰੈ ਵੀਚਾਰੁ ॥ ਕਰਤੇ ਕੈ ਕਰਣੈ ਨਾਹੀ ਸੁਮਾਰੁ ॥" ਅੰਗ 3॥

**12. ਧਰਮ ਕਿਹਦਾ ਪੁੱਤਰ ਹੈ ਤੇ ਇਹ ਕੀ ਕਰਦਾ ਹੈ?**

ਧਰਮ ਦਇਆ ਦਾ ਪੁੱਤਰ ਹੈ ਤੇ ਇਸਨੇ ਆਪਣੀ ਸੰਤੋਖ ਰੂਪੀ ਮਰਯਾਦਾ 'ਚ ਸ੍ਰਿਸ਼ਟੀ ਨੂੰ ਟਿਕਾਇਆ ਹੋਇਆ ਹੈ। ਭਾਵ ਜਿੱਥੇ ਦਇਆ ਨਹੀਂ, ਉੱਥੇ ਧਰਮ ਨਹੀਂ ਤੇ ਜਿਸ ਦਿਨ ਧਰਮ ਖਤਮ ਹੋ ਗਿਆ ਉਸ ਦਿਨ ਸ੍ਰਿਸ਼ਟੀ ਦਾ ਵੀ ਖਾਤਮਾ ਹੋ ਜਾਵੇਗਾ।

"ਧੌਲ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥" ਅੰਗ 3।

**13. ਧਰਤੀਆਂ ਕਿੰਨੀਆਂ ਕੁ ਹਨ?**

ਅਣਗਿਣਤ ਧਰਤੀਆਂ ਹਨ।
"ਧਰਤੀ ਹੋਰ ਪਰੈ ਹੋਰੁ ਹੋਰ ॥" ਅੰਗ 3॥

**14. ਪਰਮਾਤਮਾ ਨੇ ਤਰ੍ਹਾਂ ਤਰ੍ਹਾਂ ਦੇ ਜੀਵਾਂ ਨੂੰ ਰਚ ਕੇ ਕੀ ਕੀਤਾ?**

ਜੀਵਾਂ ਦੇ ਸਿਰ ਤੇ ਇਕ ਤਾਰ ਚਲਦੀ ਕਲਮ ਨਾਲ ਕਰਮਾਂ (ਦੇ ਫਲ ਭੋਗਣ) ਦਾ ਲੇਖਾ ਲਿਖ ਦਿੱਤਾ ਹੈ।

"ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁੜੀ ਕਲਾਮ ॥" ਅੰਗ 3॥

**15. ਪਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕਿੱਦਾਂ ਕੀਤੀ?**

ਇੱਕ ਸ਼ਬਦ (ੴ) ਤੋਂ! ਅਤੇ ਇਸ ਤੋਂ ਰਚਨਾ ਦੇ ਅਨੇਕਾਂ ਵਹਿਣ ਚੱਲ ਪਏ।

"ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥" ਅੰਗ 3॥

**16. ਪਰਮਾਤਮਾ ਦੀ ਰਚਨਾ (ਕੁਦਰਤ) ਦੀ ਬੇਅੰਤਤਾ ਦਾ ਜ਼ਿਕਰ ਪਹਿਲਾਂ ਕਿਹੜੀ ਬਾਣੀ 'ਚ ਆਉਂਦਾ ਹੈ?**

ਜਪੁਜੀ ਸਾਹਿਬ ਦੀਆਂ 17, 18 ਤੇ 19 ਨੰਬਰ ਪਉੜੀਆਂ (ਅੰਗ 3-4), ਪਉੜੀ 24 ਅਤੇ ਕੁਛ ਹੱਦ ਤਕ ਪਉੜੀ 25 'ਚ (ਅੰਗ 5) ਅਤੇ ਪਉੜੀ 35 ਵਿਚ (ਅੰਗ 7)।

ਇਸਤੋਂ ਇਲਾਵਾ ਸੁਖਮਨੀ ਸਾਹਿਬ ਦੀ ਦਸਵੀਂ ਅਸਟਪਦੀ (ਅੰਗ 275) ਅਤੇ ਆਸਾ ਦੀ ਵਾਰ (ਅੰਗ 462) ਵਿਚ ਵੀ ਕੁਦਰਤ ਦਾ ਬਿਆਨ ਕੀਤਾ ਗਿਆ ਹੈ।

**17. ਪਾਪਾਂ ਨਾਲ਼ ਭਰੀ ਮਤਿ ਨੂੰ ਕਿੱਦਾਂ ਧੋਈਏ?**

ਨਾਮ ਵਿਚ ਪਰੀਤੀ ਪਾ ਕੇ! ਪਾਪ ਅਕਾਲ ਪੁਰਖ ਦੇ ਨਾਮ ਵਿਚ ਪਿਆਰ ਪਾਉਣ ਨਾਲ਼ ਧੋਤੇ ਜਾ ਸਕਦੇ ਹਨ।

"ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥" ਅੰਗ 4॥

**18. ਕਾਰਮਿਕ ਸਿਧਾਂਤ ਕੀ ਹੈ?**

'ਪੁੰਨ' ਜਾਂ 'ਪਾਪ' ਨਿਰਾ ਕਹਿਣ-ਮਾਤਰ ਨਹੀਂ ਹੈ, ਸੱਚ-ਮੁੱਚ ਹੈ।

ਜਿਹੋ ਜਿਹੇ ਕਰਮ ਅਸੀਂ ਕਰਾਂਗੇ ਤਿਹੋ ਜਿਹੇ ਸੰਸਕਾਰ ਆਪਣੇ (ਮਨ) ਅੰਦਰ ਉੱਕਰ ਕੇ ਨਾਲ਼ ਲੈ ਜਾਵਾਂਗੇ। ਜੋ ਅਸੀਂ ਬੀਜਾਂਗੇ, ਉਸ ਦਾ ਫਲ਼ ਆਪ ਹੀ ਖਾਵਾਂਗੇ । ਭਾਵ ਪੁੰਨਾਂ ਦਾ ਸ਼ੁਭ ਫ਼ਲ ਤੇ ਪਾਪਾਂ ਦਾ ਬੁਰਾ ਫ਼ਲ ਮਿਲੇਗਾ। (ਆਪਣੇ ਬੀਜੇ ਅਨੁਸਾਰ) ਅਕਾਲ ਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਵਿਚ ਪਏ ਰਹਾਂਗੇ।

"ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ ਆਪੇ ਬੀਜਿ ਆਪੇ ਹੀ ਖਾਹੁ ॥ਨਾਨਕ ਹੁਕਮੀ ਆਵਹੁ ਜਾਹੁ ॥20॥" ਅੰਗ 4॥

**19. ਤੀਰਥ ਯਾਤਰਾ, ਤਪ, ਦਯਾ ਤੇ ਦਿਤੇ ਹੋਏ ਦਾਨ ਦਾ (ਪ੍ਰਭੂ ਦੇ ਦਰਬਾਰ 'ਚ) ਕਿੰਨਾ ਕੁ ਮਾਣ ਮਿਲਦਾ ਹੈ?**

ਤਿਲ ਮਾਤਰ, ਭਾਵ ਬਹੁਤ ਥੋੜਾ।

"ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥" ਅੰਗ 4॥

**20. ਅੰਤਰਗਤਿ (ਅੰਦਰ ਹੀ ਅੰਦਰ) ਚੰਗੀ ਤਰਾਂ ਇਸ਼ਨਾਨ ਕਿੱਦਾਂ ਕਰੀਏ?**

ਨਾਮ ਨੂੰ ਸੁਣ ਕੇ, ਮੰਨ ਕੇ (ਭਾਵ ਮੰਨ 'ਚ ਵਸਾ ਕੇ) ਤੇ ਮਨ 'ਚ ਨਾਮ ਨਾਲ਼ ਪਰੀਤੀ ਪਾ ਕੇ! ਭਾਵ ਮਨ ਨਾਮ 'ਚ ਜੋੜ ਕੇ ਮਨ ਦੀ (ਹਉਮੈ ਰੂਪੀ) ਮੈਲ਼ ਲਾਹ ਲਈਦੀ ਹੈ।

"ਸੁਣਿਆ ਮੰਨਿਆ ਮਨਿ ਕੀਤਾ ਭਾਉ ॥ ਅੰਤਰਗਤਿ ਤੀਰਥਿ ਮਲਿ ਨਾਉ ॥" ਅੰਗ 4॥

**21. ਗੁਣਾਂ ਤੋਂ ਬਿਨਾ ਭਗਤੀ ਹੋ ਸਕਦੀ ਹੈ?**

"ਵਿਣੁ ਗੁਣ ਕੀਤੇ ਭਗਤਿ ਨ ਹੋਇ ॥" ਅੰਗ 4॥

**ਕਿਉਂ?** ਸਤਿਗੁਰਾਂ ਨੇ ਜਪੁਜੀ ਸਾਹਿਬ 'ਚ ਖੋਲ ਕੇ ਨਹੀਂ ਦੱਸਿਆ। ਲੇਕਿਨ ਲੱਗਦਾ ਹੈ ਕਿ ਜਦੋਂ ਸਾਡੇ 'ਚ ਗੁਣ (ਦਯਾ, ਧਰਮ, ਸਤ, ਸੰਤੋਖ ਤੇ ਧੀਰਜ) ਨਹੀਂ ਹੋਣਗੇ ਤਾਂ ਸਾਡੇ ਉੱਪਰ ਅਵਗੁਣ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਹਾਵੀ ਹੋਣਗੇ ਤੇ ਅਵਗੁਣ ਸਾਨੂੰ ਵਿਕਾਰ ਰਤ ਕਰਨਗੇ; ਭਗਤੀ 'ਚ ਮਨ ਨਹੀਂ ਲੱਗਣ ਦੇਣਗੇ।

GLOBAL SIKH COUNCIL
VOICE OF SIKHS WORLDWIDE

## SUGGESTIONS FROM GLOBAL SIKHI SCHOLARS SEMINAR ON ਸਿੱਖ ਕੌਮ ਨੂੰ ਵਹਿਮਾਂ ਭਰਮਾਂ ਵਿਚੋਂ ਕਿਵੇਂ ਕੱਢੀਏ?

## SOLUTIONS SUGGESTED

- Akhand Paths or any Path, or part of any Path, done by the clergy or anyone else, when the sponsor is not present, listening, or able to understand, provides no spiritual or otherwise any benefit to the sponsor. This must be discouraged.
- Special programs in Gurdwaras on Sangrand, Massya, Puranmashi, Panchmi etc., Ritual bathing in Sarovars on all situations, reasons and occasions must be discouraged.
- Prepare a detailed document on Superstitions practiced by Sikh community, in Gurduaras or their private life, and distribute among Sikh sangat. These should include MANMAT rituals already mentioned in Sikh Rehat Maryada. Gurbani view on such superstitions be fully explained in this document.
- Only Gurbani from Sri Guru Granth Sahib should be preached without any references from other sources. Nothing that conflicts with the message of Sri Guru Granth Sahib Bani should be referenced. This will avoid superstitious implied in sources other than Sri Guru Granth Sahib.
- Restore Gurduaras to their original purpose i.e., institutes of learning and spiritual enlightenment.
- To educate Sangat on message of Gurbani and keep them away from superstitions, utilize all available platforms i.e., Home, social media, online classes, small videos, Gurduaras, Sikh Societies and organizations etc.
- Encourage reading, understanding and application of Gurbani message among Sikh masses, especially youth.
- Sangat (Gurduara membership) must select the Educated (with the knowledge of message of Gurbani) Sikhs to manage the affairs of Gurduaras and education of youth.
- Initiate an effort to weed out Sakhis that promote superstitions.
- Develope a central authority that can guide the working of Gurdwaras/Sikh Institutions.

www.globalsikhcouncil.org Info@globalsikhcouncil.org

GLOBAL SIKH COUNCIL
VOICE OF SIKHS WORLDWIDE

# ਗਲੋਬਲ ਸਿੱਖੀ ਸਕਾਲਰਜ਼ ਵੱਲੋਂ ਸਿੱਖ ਕੌਮ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢਣ ਲਈ ਕਰਵਾਏ ਗਏ ਸੈਮੀਨਾਰ ਦੇ ਸੁਝਾਅ

## ਸੁਝਾਏ ਗਏ ਹੱਲ

- ਪਾਠੀਆਂ ਜਾਂ ਕਿਸੇ ਵੀ ਹੋਰ ਦੁਆਰਾ ਕੀਤੇ ਗਏ ਅਖੰਡ ਪਾਠ ਜਾਂ ਕੋਈ ਵੀ ਪਾਠ, ਜੋ ਕਿਸੇ ਪਾਠੀ ਦੁਆਰਾ ਕੀਤਾ ਜਾਵੇ, ਜਦੋਂ ਕਿ ਪਾਠ ਕਰਵਾਉਣ ਵਾਲਾ ਖੁਦ ਮੌਜੂਦ ਨਾ ਹੋਵੇ ਅਤੇ ਕੋਈ ਸੁਣਨ ਵਾਲਾ ਨਾ ਹੋਵੇ ਜਾਂ ਸਮਝਣ ਦੇ ਯੋਗ ਨਾ ਹੋਵੇ,ਅਜਿਹੇ ਪਾਠ ਕਰਵਾਉਣ ਵਾਲੇ ਨੂੰ ਕੋਈ ਅਧਿਆਤਮਿਕ ਜਾਂ ਹੋਰ ਕੋਈ ਲਾਭ ਨਹੀਂ ਮਿਲਦਾ ਹੈ। ਇਸ ਦਾ ਖੰਡਨ ਕੀਤਾ ਜਾਣਾ ਚਾਹੀਦਾ ਹੈ।
- ਸੰਗਰਾਂਦ, ਮੱਸਿਆ, ਪੂਰਨਮਾਸ਼ੀ, ਪੰਚਮੀ ਆਦਿ 'ਤੇ ਗੁਰਦੁਆਰਿਆਂ ਵਿਚ ਵਿਸ਼ੇਸ਼ ਪ੍ਰੋਗਰਾਮ, ਹੋਰ ਕਿਸੇ ਵੀ ਸਥਿਤੀ, ਕਾਰਨਾਂ ਅਤੇ ਮੌਕਿਆਂ 'ਤੇ ਸਰੋਵਰਾਂ ਵਿਚ ਇਸ਼ਨਾਨ ਕਰਨ ਦੀ ਰਸਮ ਬਾਰੇ ਵੀ ਲੋਕਾਂ ਸਮਝਾਉਣਾ ਚਾਹੀਦਾ ਹੈ ।
- ਸਿੱਖ ਕੌਮ ਦੁਆਰਾ ਗੁਰਦੁਆਰਿਆਂ ਵਿੱਚ ਜਾਂ ਉਹਨਾਂ ਦੇ ਨਿੱਜੀ ਜੀਵਨ ਵਿੱਚ ਪ੍ਰਚਲਿਤ ਅੰਧਵਿਸ਼ਵਾਸਾਂ ਬਾਰੇ ਇੱਕ ਵਿਸਤ੍ਰਿਤ ਦਸਤਾਵੇਜ਼ ਤਿਆਰ ਹੋਣੇ ਚਾਹੀਦੇ ਹਨ ਜੋ ਕਿ ਸਿੱਖ ਸੰਗਤਾਂ ਵਿੱਚ ਵੰਡੇ ਜਾਣ। ਇਹਨਾਂ ਵਿੱਚ ਸਿੱਖ ਰਹਿਤ ਮਰਯਾਦਾ ਵਿੱਚ ਪਹਿਲਾਂ ਹੀ ਦੱਸੀਆਂ *ਮਨਮੱਤ ਰਸਮਾਂ* ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਅਜਿਹੇ ਅੰਧ-ਵਿਸ਼ਵਾਸਾਂ ਬਾਰੇ ਗੁਰਬਾਣੀ ਵਿਚਾਰ ਵੀ ਇਸ ਲਿਖਤ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਬਾਰੇ ਸਮਝਾਇਆ ਜਾਵੇ।
- ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦਾ ਹੀ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ ਨਾਲ ਟਕਰਾਅ ਵਾਲੀ ਜਾਂ ਬਰਾਬਰੀ ਵਾਲੀ ਕਿਸੇ ਵੀ ਚੀਜ਼ ਦਾ ਹਵਾਲਾ ਨਹੀ ਦਿੱਤਾ ਜਾਣਾ ਚਾਹੀਦਾ। ਇਸ ਤਰ੍ਹਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੋਰ ਸਰੋਤਾਂ ਵਿੱਚ ਫੈਲੇ ਅੰਧਵਿਸ਼ਵਾਸਾਂ ਤੋਂ ਬਚਿਆ ਜਾ ਸਕੇਗਾ।
- ਗੁਰਦੁਆਰਿਆਂ ਨੂੰ ਉਹਨਾਂ ਦੇ ਮੂਲ ਉਦੇਸ਼ ਵਿੱਚ ਬਹਾਲ ਕਰੋ, ਜਿਵੇਂ ਕਿ ਸਮਾਜਿਕ, ਆਰਥਿਕ ਅਤੇ ਅਧਿਆਤਮਿਕ ਅਤੇ ਜੀਵਨ ਦੇ ਹਰ ਪਹਿਲੂ ਦੇ ਸੁਚੱਜੇ ਜੀਵਨ ਜਾਚ ਦੇ ਗਿਆਨ ਦੀਆਂ ਸੰਸਥਾਵਾਂ।
- ਸੰਗਤ ਨੂੰ ਗੁਰਬਾਣੀ ਦੇ ਸੰਦੇਸ਼ ਤੋਂ ਜਾਣੂ ਕਰਵਾਉਣ ਅਤੇ ਅੰਧ-ਵਿਸ਼ਵਾਸਾਂ ਤੋਂ ਦੂਰ ਰੱਖਣ ਲਈ, ਸਾਰੇ ਉਪਲਬਧ ਪਲੇਟਫਾਰਮਾਂ ਜਿਵੇਂ ਕਿ ਘਰ, ਸਕੂਲਾਂ ਸੋਸ਼ਲ ਮੀਡੀਆ, ਔਨਲਾਈਨ ਕਲਾਸਾਂ, ਛੋਟੀਆਂ ਵੀਡੀਓਜ਼, ਗੁਰਦੁਆਰਿਆਂ, ਸਿੱਖ ਸੁਸਾਇਟੀਆਂ ਅਤੇ ਸੰਸਥਾਵਾਂ ਆਦਿ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ।
- ਸਿੱਖ ਕੌਮ , ਖਾਸ ਕਰਕੇ ਨੌਜਵਾਨਾਂ ਵਿੱਚ ਗੁਰਬਾਣੀ ਸੰਦੇਸ਼ ਨੂੰ ਪੜ੍ਹਨ, ਸਮਝਣ ਅਤੇ ਲਾਗੂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।
- ਸੰਗਤ (ਗੁਰਦੁਆਰੇ ਦੀ ਮੈਂਬਰਸ਼ਿਪ) ਨੂੰ ਗੁਰਦੁਆਰਿਆਂ ਦੇ ਮਾਮਲਿਆਂ ਅਤੇ ਨੌਜਵਾਨਾਂ ਦੀ ਸਿੱਖਿਆ ਦਾ ਪ੍ਰਬੰਧ ਕਰਨ ਲਈ ਪੜ੍ਹੇ-ਲਿਖੇ (ਗੁਰਬਾਣੀ ਦੇ ਸੰਦੇਸ਼ ਦੇ ਗਿਆਨ ਵਾਲੇ) ਸਿੱਖਾਂ ਦੀ ਚੋਣ ਕਰਨੀ ਚਾਹੀਦੀ ਹੈ।
- ਅੰਧ-ਵਿਸ਼ਵਾਸਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਾਖੀਆਂ ਨੂੰ ਖ਼ਤਮ ਕਰਨ ਦਾ ਯਤਨ ਸ਼ੁਰੂ ਕਰਨਾ ਚਾਹੀਦਾ ਹੈ।
- ਇੱਕ ਕੇਂਦਰੀ ਅਥਾਰਟੀ ਵਿਕਸਿਤ ਹੋਵੇ ਜੋ ਗੁਰਦੁਆਰਿਆਂ/ਸਿੱਖ ਸੰਸਥਾਵਾਂ ਦੇ ਕੰਮਕਾਜ ਲਈ ਮਾਰਗਦਰਸ਼ਨ ਕਰ ਸਕੇ

www.globalsikhcouncil.org Info@globalsikhcouncil.org

# ਅਜੋਕੇ ਸਮੇਂ ਵਿੱਚ ਚਮਕੌਰ ਦੀ ਗੜ੍ਹੀ ਅਤੇ ਸਰਹਿੰਦ ਦੇ ਸ਼ਹੀਦਾਂ ਨੂੰ ਕਿਵੇਂ ਯਾਦ ਕੀਤਾ ਜਾਵੇ ਇਸ ਵਿਸ਼ੇ ਤੇ ਗਲੋਬਲ ਸਿੱਖੀ ਸਕਾਲਰਜ਼ ਦੇ ਸੈਮੀਨਾਰ ਦੇ ਸੁਝਾਅ

## ਇਹ ਵੈਬੀਨਾਰ ਦਸੰਬਰ 14-15, 2022 ਨੂੰ ਆਯੋਜਿਤ ਕੀਤਾ ਗਿਆ।

ਸਿੱਖਾਂ ਨੂੰ ਆਪਣੇ ਸ਼ਹੀਦਾਂ ਦੀ ਸ਼ਖ਼ਸੀਅਤ ਅਤੇ ਇਤਿਹਾਸ ਦੇ ਸਾਰੇ ਪਾਤਰਾਂ ਦੀ ਭੂਮਿਕਾ ਬਾਰੇ ਚਰਚਾ ਅਤੇ ਵਿਸ਼ਲੇਸ਼ਣ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਸਬਕ ਪ੍ਰਦਾਨ ਕੀਤਾ ਜਾ ਸਕੇ ਕਿ ਅਜਿਹੀਆਂ ਸਥਿਤੀਆਂ ਵਿੱਚ ਕਿਵੇਂ ਨਜਿੱਠਣਾ ਹੈ।

ਸਾਹਿਬਜ਼ਾਦਿਆਂ ਨੇ ਆਪਣੀ ਜਾਨ ਦੀ ਕੀਮਤ 'ਤੇ ਵੀ ਆਪਣੇ ਸਿਧਾਂਤਾਂ ਨੂੰ ਕਾਇਮ ਰੱਖਿਆ। ਸਿੱਖਾਂ ਨੂੰ ਉਸ ਸਿਧਾਂਤ ਨੂੰ ਅਪਣਾ ਕੇ ਆਤਮ-ਵਿਸ਼ਵਾਸ ਅਤੇ ਨਿਡਰ ਬਣਨਾ ਚਾਹੀਦਾ ਹੈ।

ਸਿੱਖਾਂ ਨੂੰ ਸ਼ਹੀਦਾਂ ਨੂੰ ਇਸ ਤਰ੍ਹਾਂ ਯਾਦ ਕਰਨਾ ਚਾਹੀਦਾ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਮਹਾਨ ਅਤੇ ਬੇਮਿਸਾਲ ਕੁਰਬਾਨੀਆਂ 'ਤੇ ਮਾਣ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਉਦਾਸ ਮੌਕਾ ਨਹੀਂ ਬਣਾਉਣਾ ਚਾਹੀਦਾ।ਕਿਉਂਕਿ ਗੁਰਬਾਣੀ ਦਾ ਫੁਰਮਾਨ, ਤੇਰਾ ਕੀਆ ਮੀਠਾ ਲਾਗੈ ਸਦਾ ਯਾਦ ਰੱਖਣਾ ਚਾਹੀਦਾ ਹੈ।

ਗੁਰਪੁਰਬ ਦੇ ਦੋ ਪਹਿਲੂ ਹਨ, ਇਤਿਹਾਸਕ ਅਤੇ ਅਧਿਆਤਮਿਕ। ਗੁਰਪੁਰਬ ਮਨਾਉਣ/ਮਨਾਉਣ ਦਾ ਮਤਲਬ, ਉਸ ਦਿਨ ਦੇ ਇਤਿਹਾਸ ਤੋਂ ਕੁਝ ਸਬਕ ਸਿੱਖਣਾ ਅਤੇ ਆਪਣੇ ਆਪ ਨੂੰ ਸੁਧਾਰਨਾ ਚਾਹੀਦਾ ਹੈ।

ਸਿੱਖਾਂ ਨੂੰ ਘੱਟੋ-ਘੱਟ ਇੱਕ ਬੁਰੀ ਆਦਤ ਛੱਡਣ ਅਤੇ ਇੱਕ ਚੰਗਾ ਗੁਣ ਅਪਣਾਉਣ ਦਾ ਵਾਅਦਾ ਕਰਨਾ ਚਾਹੀਦਾ ਹੈ। ਇਹ ਇੱਕ ਸੱਚਾ ਜਸ਼ਨ/ਯਾਦਗਾਰੀ ਹੋਵੇਗਾ।

ਸ਼ਹੀਦਾਂ ਦੇ ਸੰਦੇਸ਼ ਨੂੰ ਕੇਵਲ ਸਿੱਖ ਕੌਮ ਵਿੱਚ ਹੀ ਨਹੀਂ, ਸਗੋਂ ਸਿੱਖ ਕੌਮ ਤੋਂ ਬਾਹਰ ਵੀ ਫੈਲਾਉਣ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ।

ਸਾਡੇ ਗੌਰਵਮਈ ਅਤੀਤ ਅਤੇ ਸਾਡੇ ਮਾਣਮੱਤੇ ਇਤਿਹਾਸ ਨੂੰ ਸਾਡੇ ਆਪਣੇ ਪਰਿਵਾਰ ਤੋਂ ਪਹਿਲ ਕਰਦੇ ਹੋਏ ਵੱਧ ਤੋਂ ਵੱਧ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਫਿਰ ਦੂਸਰਿਆਂ ਦੇ ਸਾਹਮਣੇ:ਤਸਵੀਰਾਂ/ਪ੍ਰਦਰਸ਼ਨੀਆਂ/ਅਜਾਇਬ ਘਰ/ਫ਼ਿਲਮਾਂ/ਕੈਂਪਾਂ, ਗੁਰਦੁਆਰਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਸਮਾਗਮਾਂ ਵਿੱਚ ਪੈਂਫਲੇਟਾਂ ਦੀ ਵੰਡ ਜਰੂਰ ਕਰਨੀ ਚਾਹੀਦੀ ਹੈ।

ਸ਼ਹੀਦੀ ਦੇ ਮੌਕਿਆਂ ਨੂੰ ਚਿੰਨ੍ਹਿਤ ਕਰਨ ਲਈ, ਸਿੱਖਾਂ ਦੁਆਰਾ ਕੁਝ ਵਿਸ਼ੇਸ਼ ਚਿੰਨ੍ਹ/ਨਿਸ਼ਾਨ ਪਹਿਨਣੇ ਚਾਹੀਦੇ ਹਨ। ਇਹ ਉਨ੍ਹਾਂ ਕਦਰਾਂ-ਕੀਮਤਾਂ ਨੂੰ ਫੈਲਾਉਣ ਵਿੱਚ ਮਦਦ ਕਰੇਗਾ ਜਿਸ ਲਈ ਸ਼ਹੀਦੀਆਂ ਹੋਈਆਂ।

**ਸਬਕ:**

ਸਾਡੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬੱਚਿਆਂ ਨੂੰ ਉਸ ਸਮੇਂ ਦੂਜੇ ਸਿੱਖਾਂ ਦੇ ਬਰਾਬਰ ਸਮਝਿਆ ਜਦੋਂ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਜ਼ੁਲਮ ਵਿਰੁੱਧ ਲੜਨ ਲਈ ਭੇਜਿਆ ਗਿਆ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਰਸਾਉਂਦੀ ਹੈ ਕਿ ਉਮਰ ਦਲੇਰੀ ਅਤੇ ਬਹਾਦਰੀ ਦੀ ਕੋਈ ਬਾਰ ਨਹੀਂ ਹੈ।

ਸਹੀ ਮਾਰਗ 'ਤੇ ਚੱਲਣ ਲਈ ਮਨੁੱਖ ਨੂੰ ਮਹਾਨ ਕੁਰਬਾਨੀ ਲਈ ਸਦਾ ਤਿਆਰ ਰਹਿਣਾ ਪੈਂਦਾ ਹੈ ਅਤੇ ਤਿਆਰ ਰਹਿਣਾ ਵੀ ਚਾਹੀਦਾ ਹੈ।

# ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

## ਅੱਜ ਦਾ ਸ਼ਬਦ

### ਪਰਮਾਰਥ

ਲੜੀ ਨੰ:-326

ਪਰਮਾਰਥ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਪਰਮਾਰੰਥ ਤੋਂ ਬਣਿਆ ਹੈ। ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ; ਪਰਮ +ਅਰਥ। ਪਰਮ ਤੋਂ ਭਾਵ ਹੈ 'ਉੱਤਮ' ਅਤੇ ਅਰਥ ਦਾ ਭਾਵ 'ਨਿਚੋੜ'। ਇਸ ਲਈ ਪਰਮਾਰਥ ਦਾ ਭਾਵ ਹੈ 'ਉੱਤਮ ਅਰਥ'। ਕਿਸੇ ਵਾਕ ਦੇ ਭਾਵ-ਅਰਥ ਲਈ ਵੀ ਇਹ ਸ਼ਬਦ ਵਰਤਿਆ ਜਾ ਸਕਦਾ ਹੈ। ਕਿਸੇ ਸੂਤ੍ਰਿਕ ਰਚਨਾ ਦੇ ਅਰਥ ਸਪਸ਼ਟ ਕਰਨ ਲਈ ਭਾਰਤੀ ਸਾਹਿਤ ਵਿੱਚ ਕਈ ਸਾਹਿਤਕ ਵੰਨਗੀਆਂ ਹਨ ਜਿਵੇਂ- ਪਰਮਾਰਥ, ਟੀਕਾ, ਵਿਆਖਿਆ ਆਦਿ। ਇਸ ਲਈ ਪੰਜਾਬੀ ਸਾਹਿਤ ਵਿੱਚ ਪਰਮਾਰਥ ਦੀ ਵਰਤੋਂ ਕਿਸੇ ਰਚਨਾ ਵਿਚਲੇ ਅਧਿਆਤਮਿਕ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਲਈ ਕੀਤੀ ਜਾਂਦੀ ਹੈ। ਗੁਰਬਾਣੀ ਦੇ ਪਰਮਾਰਥ ਲਿਖਣ ਦੀ ਮੁੱਢਲੀ ਵੰਨਗੀ 'ਪੁਰਾਤਨ ਜਨਮ-ਸਾਖੀ' ਅੰਦਰ ਗੁਰਬਾਣੀ ਦੇ ਅਰਥਾਂ ਵਿਚ ਮਿਲਦੀ ਹੈ। ਦੂਜੇ ਦੀ ਭਲਾਈ ਲਈ ਕੀਤੇ ਗਏ ਕੰਮ ਨੂੰ ਵੀ ਪਰਮਾਰਥ ਕਿਹਾ ਜਾਂਦਾ ਹੈ।

ਦਸਵੀਂ ਜਮਾਤ ਦੀ ਪਾਠ-ਪੁਸਤਕ ਸਾਹਿਤ-ਮਾਲ਼ਾ ਦੇ ਪਾਠ ਪ੍ਰਿੰ. ਤੇਜਾ ਸਿੰਘ ਦੁਆਰਾ ਲਿਖਿਆ ਲੇਖ 'ਘਰ ਦਾ ਪਿਆਰ' ਵਿੱਚ ਇਸ ਦਾ ਜ਼ਿਕਰ ਹੋਇਆ ਹੈ-

'ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ ਜਿਤਨੀਆਂ ਕਿ ਵੱਡੀ ਉਮਰ ਵਿੱਚ।'

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਨਿਰਲੰਭ ਕੌਰ ਪੰਜਾਬੀ ਮਿਸਟ੍ਰੈਸ, ਸਮਿਸ ਗੁਡਾਣਾ,ਐਸ ਏ ਐਸ ਨਗਰ।
ਗੁਰਪਾਲ ਸਿੰਘ ਬਿਲਾਵਲ ਡੀ.ਐੱਮ. ਪੰਜਾਬੀ ਸ.ਹ.ਸ. ਸੰਘੇੜਾ (ਬਰਨਾਲ਼ਾ)

ਸਕੂਲ ਸਿੱਖਿਆ ਵਿਭਾਗ, ਪੰਜਾਬ

# ਸ਼ਬਦ-ਸਫ਼ਰ-211

## ਬੰਦਾ

'ਬੰਦਾ' ਤੋਂ ਭਾਵ 'ਇਨਸਾਨ/ਮਨੁੱਖ/human' ਹੈ। 'ਬੰਦਾ' ਫ਼ਾਰਸੀ ਭਾਸ਼ਾ ਦੇ ਸ਼ਬਦ ਬੰਦਹ(بندہ) ਦਾ ਪੰਜਾਬੀ ਰੂਪ ਹੈ। 'ਬੰਦਾ' ਦਾ ਮੂਲ ਅਰਥ 'ਬੰਨ੍ਹਿਆ ਹੋਇਆ' ਹੈ। ਪਹਿਲਾਂ ਇਹ ਸ਼ਬਦ 'ਗ਼ੁਲਾਮ/ਦਾਸ/ਗੋਲਾ/ਸੇਵਕ' ਲਈ ਵਰਤਿਆ ਜਾਂਦਾ ਸੀ। ਗ਼ੁਲਾਮ/ਸੇਵਕ/ਦਾਸ ਕਿਸੇ ਨਾ ਕਿਸੇ ਰੂਪ ਵਿੱਚ ਬੰਨ੍ਹਿਆ ਹੀ ਹੁੰਦਾ ਹੈ। ਸਮਾਂ ਪਾ ਕੇ ਇਹ ਮਨੁੱਖ ਦੇ ਸਮਅਰਥੀ ਵਰਤਿਆ ਜਾਣ ਲੱਗਿਆ। ਇਸੇ ਸੰਦਰਭ ਵਿੱਚ ਸੰਸਕ੍ਰਿਤ ਭਾਸ਼ਾ ਦੇ ਬੰਧ/ਬੰਦੀ ਵੀ ਦੇਖੇ ਜਾ ਸਕਦੇ ਹਨ।

**ਸਕੂਲ ਸਿੱਖਿਆ ਵਿਭਾਗ ਪੰਜਾਬ**

ਪੇਸ਼ਕਰਤਾ
ਜਸਵਿੰਦਰ ਸਿੰਘ 'ਜਲਾਲ'(9915397716)

# ਸੁਣਿਆ ਮੰਨਿਆ ਮਨਿ ਕੀਤਾ ਭਾਉ ॥

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ: +1 403 404 1450

ਜਪੁਜੀ ਸਾਹਿਬ ਵਿੱਚ 'ਸੁਣਿਐ' ਦੀਆਂ ਚਾਰ ਪਉੜੀਆਂ, ਆਪਾਂ ਹਰ ਰੋਜ਼ ਨਿੱਤ ਨੇਮ ਵਿੱਚ ਪੜ੍ਹਦੇ ਹਾਂ। ਇਥੇ ਸੁਣਨ ਤੋਂ ਭਾਵ - ਧਿਆਨ ਨਾਲ ਸੁਣਨਾ ਹੈ - ਮਨ ਕਰਕੇ ਸੁਣਨਾ ਹੈ। ਮੰਨਾਂਗੇ ਤਾਂ ਹੀ ਜੇ ਆਪਾਂ ਪਹਿਲਾਂ ਧਿਆਨ ਨਾਲ ਸੁਣਾਗੇ ਤਾਂ! ਗਰਬਾਣੀ ਦੀ ਹਰ ਤੁਕ ਜਿੱਥੇ ਆਪਾਂ ਅਧਿਆਤਮਕ ਪੱਧਰ ਤੇ ਵਿਚਾਰਦੇ ਹਾਂ ਉਥੇ ਇਸ ਨੂੰ ਸੰਸਾਰਕ ਪੱਧਰ ਤੇ ਵਿਚਾਰ ਕੇ, ਆਪਣੀ ਰੋਜ ਮਰ੍ਹਾ ਦੀ ਜ਼ਿੰਦਗੀ ਵਿੱਚ ਲਾਗੂ ਕਰਕੇ ਵੀ, ਆਪਣਾ ਜੀਵਨ ਸੁਖਾਲਾ ਕਰ ਸਕਦੇ ਹਾਂ।

ਗੁਰਬਾਣੀ ਜਿੱਥੇ ਪਰਮਾਰਥ ਦੇ ਮਾਰਗ ਤੇ ਸਹਾਈ ਹੁੰਦੀ ਹੈ ਉਥੇ ਇੱਕ ਜੀਵਨ ਜਾਚ ਵੀ ਸਿਖਾਉਂਦੀ ਹੈ। ਇਸ ਦੀਆਂ ਤੁਕਾਂ ਕੇਵਲ ਪਾਠ ਕਰਨ ਲਈ ਹੀ ਨਹੀਂ ਹਨ - ਸਗੋਂ ਜੀਵਨ ਵਿੱਚ ਧਾਰ ਕੇ ਸੁਚੱਜਾ ਜੀਵਨ ਜਿਉਣ ਲਈ ਵੀ ਹਨ। ਆਓ ਅੱਜ ਸੁਣਨ ਦੀ ਮਹਾਨਤਾ ਨੂੰ ਆਪਣੀ ਰੋਜ਼ ਮਰ੍ਹਾ ਦੀ ਜ਼ਿੰਦਗੀ 'ਚ ਲਾਗੂ ਕਰਕੇ ਦੇਖੀਏ!

ਘੱਟ ਬੋਲਣ ਵਾਲੇ ਤੇ ਜ਼ਿਆਦਾ ਸੁਣਨ ਵਾਲੇ ਕੋਲ, ਗਿਆਨ ਵੱਧ ਹੁੰਦਾ ਹੈ। ਸੰਜੀਦਾ ਲੋਕ ਵੱਧ ਸਿਆਣੇ ਹੁੰਦੇ ਹਨ ਜਾਂ ਕਹਿ ਲਈਏ ਕਿ - ਸਿਆਣੇ ਲੋਕ ਘੱਟ ਬੋਲਦੇ ਹਨ। ਉਹਨਾਂ ਦੇ ਬੋਲਾਂ ਵਿੱਚ ਗੰਭੀਰਤਾ ਹੁੰਦੀ ਹੈ- ਗਿਆਨ ਹੁੰਦਾ ਹੈ, ਡੂੰਘਾਈ ਹੁੰਦੀ ਹੈ - ਕਿਉਂਕਿ ਉਚੇ ਦਰੱਖਤਾਂ ਦੀਆਂ ਜੜ੍ਹਾਂ ਜ਼ਮੀਨ ਵਿੱਚ ਬਹੁਤ ਡੂੰਘੀਆਂ ਹੁੰਦੀਆਂ ਹਨ। ਉਹ ਨਾਪ ਤੋਲ ਕੇ ਬੋਲਦੇ ਹਨ। ਉਹਨਾਂ ਦੇ ਬੋਲਾਂ ਦਾ ਅਸਰ ਸਰੋਤਿਆਂ ਤੇ ਵੀ ਗਹਿਰਾ ਹੁੰਦਾ ਹੈ। ਬਹੁਤਾ ਬੋਲਣ ਵਾਲਾ, ਆਪਣੀ ਕਦਰ ਆਪ ਹੀ ਘਟਾ ਲੈਂਦਾ ਹੈ, ਘਰ ਵਿੱਚ ਵੀ ਤੇ ਬਾਹਰ ਵੀ! ਲੋਕ ਉਸਦੀ ਗੱਲ ਸੁਣੀ ਅਣਸੁਣੀ ਕਰਨੀ ਸ਼ੁਰੂ ਕਰ ਦਿੰਦੇ ਹਨ।
ਅੱਜ ਕੋਈ ਬੰਦਾ ਵੀ ਕਿਸੇ ਨੂੰ ਸੁਣ ਕੇ ਰਾਜ਼ੀ ਨਹੀਂ। ਅਸੀਂ ਬੋਲਣਾ ਜਾਣਦੇ ਹਾਂ, ਸੁਨਾਉਣਾ ਜਾਣਦੇ ਹਾਂ - ਸੁਣਨਾ ਨਹੀਂ - ਕਿਉਂਕਿ ਬੋਲਣਾ ਸੌਖਾ ਹੈ ਪਰ ਸੁਣਨਾ ਔਖਾ! ਘਰ ਪਰਿਵਾਰਾਂ ਨੂੰ ਹੀ ਦੇਖ ਲਵੋ ਪਹਿਲਾਂ! ਜੇ ਹਰ ਮੈਂਬਰ ਦੂਜੇ ਨੂੰ ਧਿਆਨ ਨਾਲ ਸੁਣੇ ਫਿਰ ਆਪਣੀ ਰਾਇ ਦੇਵੇ ਤਾਂ ਅੱਧੇ ਮਸਲੇ ਹੱਲ ਹੋ ਸਕਦੇ ਹਨ। ਪਰ ਮੀਆਂ ਬੀਵੀ ਹੋਣ, ਜਾਂ ਮਾਪੇ ਤੇ ਬੱਚੇ, ਜਾਂ ਬਜ਼ੁਰਗ ਤੇ ਅਗਲੀ ਪੀੜ੍ਹੀ - ਕੋਈ ਕਿਸੇ ਦੀ ਗੱਲ ਭੁੰਜੇ ਨਹੀਂ ਪੈਣ ਦਿੰਦਾ- ਉਸ ਨੂੰ ਵਿਚੋਂ ਹੀ ਟੋਕ ਕੇ ਦੋ ਚਾਰ ਸੁਣਾ ਦਿੰਦਾ ਹੈ। ਇਸੇ ਕਾਰਨ ਪਰਿਵਾਰ ਟੁੱਟ ਰਹੇ ਹਨ।ਸੁਣਨ ਲਈ ਸਬਰ ਦੀ ਲੋੜ ਹੁੰਦੀ ਹੈ, ਸਹਿਨਸ਼ੀਲਤਾ ਦੀ ਲੋੜ ਹੁੰਦੀ ਹੈ- ਜੋ ਸਾਡੇ ਵਿੱਚੋਂ ਗਾਇਬ ਹੋ ਰਹੀ ਹੈ।

ਗੁਰੂ ਘਰ ਜਾ ਕੇ ਵੀ ਸਾਡਾ ਧਿਆਨ ਗੁਰਬਾਣੀ, ਸ਼ਬਦ ਜਾਂ ਹੁਕਮਨਾਮਾ ਸੁਣਨ ਵਿੱਚ ਨਹੀਂ ਹੁੰਦਾ - ਇਸੇ ਕਾਰਨ ਉਹ ਸਾਨੂੰ ਕਦੇ ਯਾਦ ਨਹੀਂ ਰਹਿੰਦਾ। ਅਸੀਂ ਬੈਠੇ ਦਰਬਾਰ ਹਾਲ 'ਚ ਹੁੰਦੇ ਹਾਂ, ਕੰਨ ਗੁਰਬਾਣੀ ਵੀ ਸੁਣਦੇ ਹਨ - ਪਰ ਮਨ ਤਾਂ ਲੰਗਰ ਹਾਲ 'ਚ ਹੁੰਦਾ ਹੈ। ਜੋ ਗੱਲ ਮਨ ਨਹੀਂ ਸੁਣਦਾ, ਉਹ ਸਾਡੇ ਅੰਦਰ ਨਹੀਂ ਪਹੁੰਚਦੀ। ਮਨ ਬਹੁਤ ਚੰਚਲ ਹੈ - ਇਸ ਨੂੰ ਟਿਕਾਉਣਾ ਬੜਾ ਔਖਾ ਹੈ। ਇਸੇ ਲਈ ਗੁਰੂ ਸਾਹਿਬ ਨੇ ਇਸ ਦੀ ਤੁਲਨਾ ਕਿਤੇ ਘੋੜੇ ਨਾਲ, ਕਿਤੇ ਹਾਥੀ ਨਾਲ ਕੀਤੀ ਹੈ। ਇਸ ਨੂੰ ਲਗਾਮ ਪਾ ਕੇ ਹੀ ਅਸੀਂ ਵਿਅਰਥ ਭੱਜਣ ਤੋਂ ਰੋਕ ਸਕਦੇ ਹਾਂ।

ਧਾਰਮਿਕ ਸਥਾਨਾਂ ਤੇ, ਇਹ ਵੀ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ - ਕਥਾ ਕੀਰਤਨ ਕਰਨ ਵਾਲਿਆਂ ਨੂੰ ਵੀ, ਸੁਣਾਉਣਾ ਹੀ ਆਉਂਦਾ ਹੈ- ਸੁਣਨਾ ਨਹੀਂ। ਸਮਾਂ ਹੀ ਨਹੀਂ ਲੋਕਾਂ ਕੋਲ ਸੁਣਨ ਦਾ!

ਕੀ ਤੁਸੀਂ ਕਦੇ ਕਿਸੇ ਕਥਾ ਵਾਚਕ ਜਾਂ ਕੀਰਤਨੀਏ ਨੂੰ ਹਾਲ 'ਚ ਬੈਠ ਕੇ, ਕਿਸੇ ਦੂਜੇ ਨੂੰ ਸੁਣਦੇ ਵੇਖਿਆ ਹੈ? ਭਾਈ- ਮੈਂ ਤਾਂ ਨਹੀਂ ਅਜੇ ਤੱਕ ਦੇਖਿਆ! ਆਪਣਾ ਸੁਣਾ ਕੇ ਇੱਕ ਦਮ ਹਾਲ 'ਚੋਂ ਬਾਹਰ ਹੋ ਜਾਂਦੇ ਹਨ। ਚਾਹੀਦਾ ਇਹ ਹੈ ਕਿ ਕਥਾ ਤੋਂ ਬਾਅਦ ਕੁੱਝ ਸਮਾਂ ਸੰਗਤ ਦੇ ਸੁਆਲਾਂ ਲਈ ਰੱਖਿਆ ਜਾਵੇ ਤੇ ਉਹ ਉਹਨਾਂ ਦੇ ਜਵਾਬ ਦੇਣ! ਸ਼ੰਕੇ ਨਵਿਰਤ ਕਰਨ! ਨਾਲੇ ਪਤਾ ਲੱਗੇ ਕਿ ਸੰਗਤ ਵਿੱਚੋਂ ਵੀ ਕਿੰਨੇ ਕੁ ਸੁਣਨ ਵਾਲੇ ਹਨ? ਕੀਰਤਨ ਕਰਨ ਵਾਲੇ ਵੀ ਸ਼ਬਦ ਦੇ ਅਰਥ ਸਮਝਾਉਣ! ਜਾਂ ਆਪਣੇ ਤੋਂ ਬਾਅਦ ਵਾਲੇ ਜਥੇ ਨੂੰ ਵੀ ਕਦੇ ਬੈਠ ਕੇ ਸੁਣਨ! ਪਰ ਅਜਿਹਾ ਨਹੀਂ ਹੁੰਦਾ!

ਆਪਣੇ ਲਿਖਾਰੀਆਂ ਸ਼ਾਇਰਾਂ ਵੱਲ ਹੀ ਦੇਖ ਲਵੋ! ਮੁਆਫ ਕਰਨਾ, ਇਹ ਵੀ ਕਿਹੜਾ ਘੱਟ ਨੇ! ਵਿਦਵਾਨ ਸੱਜਣ ਆਪ ਚਾਹੇ ਕਿੰਨਾ ਚਿਰ ਬੋਲੀ ਜਾਣ- ਪਰ ਦੂਜਿਆਂ ਨੂੰ ਬੜੇ ਔਖੇ ਹੋ ਕੇ ਸੁਣਦੇ ਹਨ। ਬਹੁਤੇ ਤਾਂ ਆਪਣੀ ਸੁਣਾ ਕੇ ਚਲੇ ਜਾਂਦੇ ਹਨ- ਕੋਈ ਬਹਾਨਾ ਲਾ ਕੇ। ਕਈ ਮਹਿਫਲਾਂ ਵਿੱਚ ਦੇਖਣ ਨੂੰ ਮਿਲਦਾ ਹੈ ਕਿ 'ਟੀ ਬਰੇਕ' ਬਾਅਦ, ਹਾਜ਼ਰੀ ਅੱਧੀ ਰਹਿ ਜਾਂਦੀ ਹੈ। ਜਿਹਨਾਂ ਨੂੰ ਪਹਿਲਾਂ ਬੋਲਣ ਲਈ ਵਕਤ ਮਿਲ ਜਾਂਦਾ ਹੈ ਉਹ ਚਾਹ ਪੀ ਕੇ ਖਿਸਕਣ ਦੀ ਕਰਦੇ ਹਨ। ਜਿਹਨਾਂ ਮੇਰੇ ਵਰਗਿਆਂ ਦੀ ਪਿੱਛੋਂ ਬੋਲਣ ਦੀ ਵਾਰੀ ਆਉਂਦੀ ਹੈ- ਉਹ ਵਿਚਾਰੇ ਪਰੇਸ਼ਾਨ ਹੁੰਦੇ ਹਨ ਕਿ ਹਾਲ ਵਿੱਚ ਬੰਦਾ ਹੀ ਟਾਵਾਂ ਟਾਵਾਂ ਰਹਿ ਗਿਆ!


ਦੂਜਿਆਂ ਨੂੰ ਸੁਣਨਾ- ਸਾਡਾ ਇਖਲਾਕੀ ਫਰਜ਼ ਹੈ। ਕਦੇ ਕਦਾਈਂ ਕਿਸੇ ਦੀ ਕੋਈ ਮਜਬੂਰੀ ਹੋ ਸਕਦੀ ਹੈ- ਪਰ ਇਸ ਨੂੰ ਆਪਣੀ ਆਦਤ ਬਣਾ ਲੈਣਾ ਠੀਕ ਨਹੀਂ। ਜੇ ਆਪਾਂ ਕਿਸੇ ਸਮਾਗਮ ਵਿੱਚ, ਮੀਟਿੰਗ ਵਿੱਚ ਆ ਹੀ ਗਏ ਹਾਂ ਤਾਂ ਇੰਨਾ ਕੁ ਸਬਰ ਤਾਂ ਸਾਡੇ ਵਿੱਚ ਹੋਣਾ ਹੀ ਚਾਹੀਦਾ- ਕਿ ਸਭ ਨੂੰ ਸੁਣ ਕੇ ਜਾਈਏ! ਔਨਲਾਈਨ ਪਰੋਗਰਾਮਾਂ ਦੀ ਗੱਲ ਕਰੀਏ ਤਾਂ ਇਹਨਾਂ ਵਿੱਚ ਭਾਗ ਲੈਣ ਵਾਲੇ ਵੀ ਵੱਖੋ ਵੱਖ ਮੁਲਕਾਂ ਤੋਂ ਸ਼ਾਮਲ ਹੁੰਦੇ ਹਨ- ਜਿੱਥੇ ਕਿਸੇ ਦਾ ਦਿਨ ਹੁੰਦਾ ਹੈ ਤੇ ਕਿਸੇ ਦੀ ਰਾਤ।

ਇੱਥੇ ਵੀ ਅਕਸਰ ਦੇਖਣ ਨੂੰ ਮਿਲਦਾ ਹੈ ਕਿ- ਕੁੱਝ (ਸਾਰੇ ਨਹੀਂ) ਆਪਣੀ ਗੱਲ ਜਾਂ ਰਚਨਾ ਸੁਣਾ ਕੇ ਤੁਰ ਜਾਂਦੇ ਹਨ। ਇਹ ਇਕ ਗਲਤ ਰੁਝਾਨ ਹੈ। ਜੇ ਸ਼ਾਮਲ ਹੀ ਹੋ ਗਏ ਤਾਂ ਦੂਜਿਆਂ ਨੂੰ ਸੁਣਨਾ ਵੀ ਸਾਡਾ ਇਖਲਾਕੀ ਫਰਜ਼ ਬਣਦਾ ਹੈ - ਚਾਹੇ ਰਾਤ ਹੀ ਹੋਵੇ ! ਮੁਆਫ ਕਰਨਾ - ਮੈਂ ਸਾਰਿਆਂ ਦੀ ਗੱਲ ਨਹੀਂ ਕਰ ਨਹੀਂ। ਕੁੱਝ ਅਖੀਰ ਤੱਕ ਸਭ ਨੂੰ ਸੁਣਨਾ ਆਪਣਾ ਫਰਜ਼ ਸਮਝਦੇ ਹਨ - ਤੇ ਕੁੱਝ ਗਿਣਤੀ ਦੇ ਉਹ ਸਰੋਤੇ ਉਹ ਵੀ ਹੁੰਦੇ ਹਨ - ਜੋ ਕੁੱਝ ਵੀ ਨਹੀਂ ਬੋਲਦੇ, ਕੇਵਲ ਸੁਣਨ ਲਈ ਹੀ ਆਉਂਦੇ ਹਨ ! ਉਹਨਾਂ ਅੱਗੇ ਸਿਰ ਝੁਕਦਾ ਹੈ ਸਾਡਾ!

**ਸੰਤੁ ਮਿਲੈ ਕਿਛੁ ਸੁਨੀਐ ਕਹੀਐ॥**
**ਮਿਲੇ ਅਸੰਤੁ ਮਸਟਿ ਕਰਿ ਰਹੀਐ॥ (ਅੰਗ 870)॥**

ਕਬੀਰ ਸਾਹਿਬ ਸਾਨੂੰ ਸਮਝਾ ਰਹੇ ਹਨ ਕਿ ਜੇ ਕੋਈ ਭਲਾ ਪੁਰਸ਼ ਮਿਲ ਜਾਏ ਤਾਂ ਉਸ ਨੂੰ ਧਿਆਨ ਨਾਲ ਸੁਣ ਕੇ, ਉਸ ਕੋਲੋਂ ਗਿਆਨ ਲੈਣਾ ਚਾਹੀਦਾ, ਸ਼ੰਕੇ ਨਵਿਰਤ ਕਰਨੇ ਚਾਹੀਦੇ- ਪਰ ਜੇ ਭੈੜਾ ਮਿਲ ਜਾਏ ਤਾਂ ਚੁੱਪ ਰਹਿਣਾ ਹੀ ਠੀਕ ਹੈ। ਕਿੰਨਾ ਵਧੀਆ ਅਸੂਲ ਦਿੱਤਾ ਸਾਨੂੰ ਉਹਨਾਂ! ਪਰ ਅਸੀਂ ਅਮਲ ਕਰਨ ਨੂੰ ਤਿਆਰ ਨਹੀਂ। ਸਾਡੇ ਬਹੁਤੇ ਝਗੜੇ ਇੱਕ ਦੂਜੇ ਨਾਲ ਬਹਿਸ ਕਾਰਨ ਹੀ ਵਧਦੇ ਹਨ।

ਕਾਸ਼ ! ਸਾਨੂੰ ਸੁਣਨ ਦੀ ਮਹਾਨਤਾ ਦਾ ਗਿਆਨ ਹੋ ਜਾਵੇ !



## We are Proud of Them

**Dr. Jasmeet Kaur creates history as the First Sikh American Elected to California's Legislative Assembly**



.

In December 2022, she was sworn in as a Californian Legislator. She had worked as Medical Director, overseeing substance abuse, addiction, and mental health rehabilitation. As Healthcare Policy Commissioner she was given the 'Hero of Family Medicine Award' by The Academy of Family Physicians and was honored by the Greater Bakersfield Chamber of Commerce.

**Mrs Manpreet Kaur (Monica) Kaur Singh 'First US Sikh Lady Judge' , at Houston, Texas (USA)**




She studied at University of Texas, and South Texas College of Law. She was declared Houston Young Lawyers Association's Most Outstanding Attorney and won the Distinguished Member Award from the South Asian Bar Association. She was a lawyer for 20 years, and had tried over 100 cases in civil rights organizations.

**A Pandit's Admirable Love for Punjabi whose Mother Language is *Kannad***



Pandit Rao Dharennavaar, Professor in Government College, Chandigarh, has written eight books in Punjabi and translated *Japji Sahib*, *Sukhmani Sahib* and *Zafar-Nama*, and is working on the translation of *Sri Guru Granth Sahib* in Kannad now. People in Karnataka read *Gurbani* in their school curriculum. About 300 students in villages visit *Gurdwaras,* the Sikh Spiritual Centres, and read *Gurbani.*

**Dr Kala Singh (President, Global Sikh Council and Vice-Chair Multifaith Summit Council, BC) invited at HRC Pope Benedict XVI Memorial Mass** by Archbishop Michael Miller of the Archdiocese on January 5, 2023, at Holy Rosary Cathedral, Vancouver (the only Sikh, among invitees of all religions). The prayer was in thanksgiving for a life of knowledge of God's gifts of faith and love. He spoke of Guru Nanak who travelled 28,000 km around the world on foot more than 500 years ago, and had interfaith dialogue with leaders of different religions, giving the message of One God, all of us being His equal children. The Scripture *Sri Guru Granth Sahib* has teachings of Sikh Gurus and Hindu and Muslim Saints, making it the only Universal Holy Book and *The Guru* of All Sikhs.



**Captain Sardar Hira Singh - The War Veteran**



He was the great-grandfather of Sardar Jagmeet Singh, (43) Leader of the New Democratic Party (NDP) in the Canadian Parliament. Sardar Hira Singh fought in World War-I. Sardar Jagmeet Singh's grand-father Sardar Shamsher Singh also worked as an Engineer in the British Indian Army. Captain Hira Singh was the cousin of Martyr Mewa Singh Thikriwala of Barnala (Punjab), founder of the *Praja-Mandal*, a Self-Rule movement for leading to Indian Independence.

**S. Vikramjit Singh (19) – A Promising Cricketer**




He is the First Sikh representing Netherland in International Cricket. He is the Opening Batsman for the Dutch Cricket Team for ICC-T20. He came from Cheema Khurd (District Jalandhar of Punjab) to Netherlands at the age of seven with his parents.

**Video of a Sikh Project Manager of "Mangal-Yan" - the "Mars Mission" at Indian Space Research Organisation (ISRO), Bangalore.**

**https://www.youtube.com/watch?v=Ofz0uw56ZqU**

# ਕੁਦਰਤੀ ਸੋਮਿਆਂ ਦੀ ਸੰਭਾਲ (ਭਾਗ - 1)

## (ਭਾਰਤੀ ਅਤੇ ਕੈਨੇਡੀਅਨ ਭਾਈਚਾਰੇ ਦੇ ਸੰਬੰਧ ਵਿੱਚ)

ਡਾ. ਪ੍ਰਿਤ ਪਾਲ ਕੌਰ ਚਾਹਲ, ਵਿੰਨੀਪੈਗ (ਕੈਨੇਡਾ)



ਸ੍ਰੀ ਗੁਰੂ ਨਾਨਕ ਦੇਵ ਜੀ ਦੇਂ ਉੱਚਰੇ ਗੁਰਬਾਣੀ ਦੇ ਸ਼ਬਦ,

**"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ"**

ਵਿੱਚ ਜਿਸ ਪਵਣੁ (ਹਵਾ) ਨੂੰ ਗੁਰੂ ਦਾ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਵਡਿਆਇਆ, ਉਸੇ ਲਈ ਅਮਰੀਕੀ ਲੇਖਕ 'ਟੋਫਟੇ' ਦਾ ਕਹਿਣਾ ਹੈ,

"ਇਹ ਧਰਤੀ ਮਰ ਰਹੀ ਹੈ ਕਿਉਂਕਿ ਮਨੁੱਖਤਾ ਇਸਨੂੰ ਨਸ਼ਟ ਕਰ ਰਹੀ ਹੈ। ਪਰ ਜੇ ਧਰਤੀ ਮਰਦੀ ਹੈ ਤਾਂ ਤੁਸੀਂ ਵੀ ਮਰ ਜਾਓਗੇ।"

ਪਾਣੀ', ਹਵਾ, ਮਿੱਟੀ ਅਤੇ ਸ਼ੋਰ ਪ੍ਰਦੂਸ਼ਣ ਤੋਂ ਇਲਾਵਾ 'ਪ੍ਰਕਾਸ਼ ਪ੍ਰਦੂਸ਼ਣ', 'ਥਰਮਲ ਪ੍ਰਦੂਸ਼ਣ', ਅਤੇ 'ਭੋਜਨ ਪ੍ਰਦੂਸ਼ਣ'' ਵੀ ਵਾਤਾਵਰਣ ਲਈ ਘਾਤਕ ਬਣ ਗਏ ਹਨੇ, ਜਿੰਨ੍ਹਾਂ ਕਰਕੇ ਸੰਯੁਕਤ ਰਾਸ਼ਟਰ ਦਾ ਪਹਿਲਾ 'ਮਨੁੱਖੀ ਵਾਤਾਵਰਣ ਸੰਮੇਲਨ' ਜੂਨ 5, 1972 ਨੂੰ ਸਟਾਕਹੋਮ ਵਿਖੇ ਹੋਇਆ। ਜਿਸ ਸਦਕਾ ਜੂਨ 5 ਨੂੰ ਹਰ ਸਾਲ 'ਵਾਤਾਵਰਣ ਦਿਵਸ' ਮਨਾਇਆ ਜਾਂਦਾ ਹੈ। ਭਾਰਤ ਨੇ ਜੁਲਾਈ, 1972 ਵਿੱਚ 'ਜੰਗਲੀ ਜੀਵਨ ਬਚਾਓ' ਐਕਟ ਪਾਸ ਕੀਤਾ ਅਤੇ ਕਾਨੂੰਨ ਬਣਾਇਆ।

ਭਾਰਤ ਸਰਕਾਰ ਨੇ 1974 ਵਿੱਚ 'ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ' (**Central Pollution Control Board**) ਦੀ ਸਥਾਪਨਾ ਕੀਤੀ। ਪੰਜਾਬ ਸਰਕਾਰ ਨੇ 1975 ਵਿੱਚ 'ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ' (**Punjab Pollution Control Board**) ਦੀ ਸਥਾਪਨਾ ਕੀਤੀ।ਦੋਵਾਂ ਦਾ ਮੰਤਵ ਹੈ ਸ਼ਹਿਰਾਂ ਦੇ ਗੰਦੇ ਸੀਵਰੇਜ ਦੇ ਪਾਣੀ ਨਾਲ ਕੁਦਰਤੀ ਜਲ ਸੋਮੇ ਗੰਦੇ ਹੋਣ ਤੋਂ ਬਚਾਉਣਾ। ਫਿਰ ਰੀਸਾਈਕਲਿੰਗ ਅਤੇ ਸ਼ੁੱਧ ਕੀਤੇ ਪਾਣੀ ਨੂੰ ਸਿੰਚਾਈ ਅਤੇ ਉਦਯੋਗਾਂ ਲਈ ਵਰਤਣ ਬਾਰੇ ਜਾਣਕਾਰੀ ਦੇਣਾ ਹੈ।

ਇਨ੍ਹਾਂ ਸੰਸਥਾਵਾਂ ਦਾ ਕੰਮ ਹੈ ਪਾਣੀ ਅਤੇ ਹਵਾ ਦੀ ਗੁਣਵੱਤਾ ਦੀ ਜਾਂਚ ਕਰਨਾ, ਹਵਾ ਦੀ ਸ਼ੁੱਧਤਾ ਲਈ ਪਰਾਲੀ ਨੂੰ ਸਾੜਨ ਤੋਂ ਰੋਕਣਾ, ਜੰਗਲਾਂ ਤੇ ਰੁੱਖਾਂ ਦੀ ਕਟਾਈ ਨੂੰ ਰੋਕਣਾ, ਬੂਟੇ ਲਾਉਣਾ ਅਤੇ ਲੋਕਾਂ ਨੂੰ ਜਾਗਰੂਕ ਕਰਨਾ।

ਭਾਰਤ ਪਹਿਲਾ ਦੇਸ਼ ਹੈ ਜਿਸਨੇ 1976 ਵਿੱਚ 42-ਵੀਂ ਸੋਧ ਰਾਹੀਂ ਸੰਵਿਧਾਨ ਦੇ ਭਾਗ 4, ਧਾਰਾ 48 ਏ ਤੇ ਧਾਰਾ 51 ਏ (ਜੀ) ਦੇ ਤਹਿਤ ਵਾਤਾਵਰਣ, ਜੰਗਲਾਂ, ਜੰਗਲੀ ਜੀਵਾਂ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਤੇ ਸੁਰੱਖਿਆ ਦੀ ਜ਼ਿੰਮੇਵਾਰੀ ਦਾ ਕਾਨੂੰਨ ਪਾਸ ਕੀਤਾ। ਆਰਟੀਕਲ 48 ਏ ਦੇ ਅਧੀਨ ਰਾਜ ਸਰਕਾਰ ਨੇ ਇਹ ਰੱਖਿਆ ਕਰਨੀ ਹੈ। ਆਰਟੀਕਲ 51 ਏ (ਜੀ) ਨਾਗਰਿਕਾਂ ਨੂੰ ਕੁਦਰਤੀ ਵਾਤਾਵਰਣ ਦੀ ਰੱਖਿਆ ਲਈ ਉਤਸ਼ਾਹਿਤ ਕਰਨ ਅਤੇ ਸਾਰੇ ਜੀਵਾਂ ਨਾਲ ਦਿਆਲੂ ਹੋਣ ਦਾ ਫ਼ਰਜ਼ ਨਿਭਾਉਂਦਾ ਹੈ।

ਭਾਰਤ ਵਿੱਚ 14 ਵੱਡੀਆਂ, 44 ਮੱਧਮ ਅਤੇ 55 ਛੋਟੀਆਂ ਨਦੀਆਂ, ਬਹੁਤ ਸਾਰੀਆਂ ਝੀਲਾਂ, ਤਾਲਾਬ, ਤੇ ਖੂਹ ਹਨ। ਸੰਨ੍ਹ 1981 ਵਿੱਚ ਨਦੀਆਂ ਅਤੇ ਖੂਹਾਂ ਦੀ ਸਫ਼ਾਈ ਅਤੇ ਪੀਣ ਵਾਲੇ ਪਾਣੀ ਦੀ ਸੁਰੱਖਿਆ ਲਈ ਬਿੱਲ ਪਾਸ ਕੀਤਾ ਗਿਆ।

**ਹਵਾ ਪ੍ਰਦੂਸ਼ਣ (Air Pollution)**

ਜੰਗਲ ਤੇ ਰੁੱਖ ਧਰਤੀ ਦੇ ਫੇਫੜੇ ਹਨ। ਇਸ ਲਈ ਜ਼ਰੂਰੀ ਹੈ ਕਿ ਹਰ ਮਨੁੱਖ ਇੱਕ ਰੁੱਖ ਲਾਵੇ। ਹਵਾ ਵਿੱਚ ਮੌਜੂਦੀ ਆਕਸੀਜਨ ਰੁੱਖਾਂ ਤੋਂ ਹੀ ਪ੍ਰਾਪਤ ਹੁੰਦੀ ਹੈ। ਬਨਸਪਤੀ ਕਿਸੇ ਵੀ ਜੀਵ ਦੀ ਉਤਪਤੀ ਤੋਂ ਪਹਿਲਾਂ ਧਰਤੀ ਤੇ ਪੈਦਾ ਹੋਈ। ਪੌਦੇ ਆਪਣਾ ਭੋਜਨ ਬਣਾਉਣ ਲਈ ਜੀਵਾਂ ਦਵਾਰਾ ਛੱਡੀ ਕਾਰਬਨ ਡਾਈਔਕਸਾਈਡ ਲੈ ਕੇ ਆਕਸੀਜਨ ਛੱਡਦੇ ਹਨ।

ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ ਸਾਰੇ ਦੇਸ਼ ਦੇ ਵਿੱਚ 262 ਸ਼ਹਿਰਾਂ/ਕਸਬਿਆਂ ਨੂੰ 621' ਦਾ ਨੈੱਟਵਰਕ ਕਵਰ ਕਰਕੇ, ਸਲਫ਼ਰ ਡਾਈਔਕਸਾਈਡ, ਨਾਈਟਰਿਕ ਡਾਈਔਕਸਾਈਡ, ਸਸਪੈਂਡਡ ਪਾਰਟੀਕੁਲੇਟ ਮੈਟਰ ਅਤੇ ਸਾਹ ਲੈਣ ਯੋਗਤਾ ਦੀ ਪਛਾਣ ਕਰਕੇ ਇਹਨਾਂ ਦਾ ਨਿਯੰਤਰਣ ਕਰਦਾ ਹੈ। ਇਸ ਗੈਸਾਂ ਕੋਲਾ, ਤੇਲ, ਡੀਜ਼ਲ ਅਤੇ ਧਾਤੂਆਂ ਦੇ ਸੜਨ ਨਾਲ ਪੈਦਾ ਹੁੰਦੀਆਂ ਹਨ। ਨਾਈਟਰੋਜਨ ਡਾਈਔਕਸਾਈਡ ਫੇਫੜਿਆਂ ਨਾਲ ਸੋਜਿਸ਼ ਅਤੇ ਐਡੀਮਾ ਪੈਦਾ ਕਰਦੀ ਹੈ ਤੇ ਬੁਖ਼ਾਰ, ਪੇਟ ਦਰਦ, ਉਲਟੀਆਂ ਨਾਲ ਕੁੱਝ ਦਿਨਾਂ ਬਾਅਦ ਮਰੀਜ਼ ਦੀ ਮੌਤ ਹੋ ਜਾਂਦੀ ਹੈ। ਪਰਾਲੀ, ਕੱਚਾ ਕੋਲਾ, ਤੇਲ ਡੀਜ਼ਲ, ਕੈਮੀਕਲਜ਼ ਤੇ ਪੈਟਰੋਲ ਆਦਿ ਦੇ ਸੜਨ ਨਾਲ ਹਵਾ ਵਿੱਚ ਕਾਰਬਨ ਦੇ ਕਣ ਅਟਕ ਜਾਂਦੇ ਹਨ ਜੋ ਸਾਹ ਰਾਹੀਂ ਸਰੀਰ ਵਿੱਚ ਦਾਖ਼ਲ ਹੋ ਕੇ ਬਿਮਾਰੀ ਦਾ ਕਾਰਨ ਬਣਦੇ ਹਨ। ਜਿੰਨ੍ਹਾਂ ਵਿੱਚ ਫੇਫੜਿਆਂ ਦਾ ਕੈਂਸਰ ਮੁੱਖ ਹੈ।

**ਸ਼ੋਰ ਪ੍ਰਦੂਸ਼ਣ (Noise Pollution)**

ਪਾਰਟੀਆਂ, ਫੰਕਸ਼ਨਾਂ ਵਿੱਚ ਉੱਚੀ ਉੱਚੀ ਮਿਊਜ਼ਕ ਵਜਾ ਕੇ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਨਾ, ਲਾਊਡ ਸਪੀਕਰ ਲਾਉਣੇ, ਕਾਰਾਂ ਗੱਡੀਆਂ ਦੇ ਹਾਰਨ/ ਹੂਟਰ ਵਜਾਉਣੇ, ਸੜਕਾਂ ਉੱਪਰ ਉੱਚੀ ਉੱਚੀ ਬੋਲ ਕੇ ਜਲੂਸ ਕੱਢਣੇ ਜਾਂ ਕਿਸੇ ਚੀਜ਼ ਦੀ ਪ੍ਰਾਈਵੇਟ ਢੰਗ ਨਾਲ ਮਸ਼ਹੂਰੀ ਰਨੀਂ, ਸੱਭ ਸ਼ੋਰ ਪ੍ਰਦੂਸ਼ਣ ਦੀ ਸ਼੍ਰੇਣੀ ਵਿੱਚ ਆਉਂਦੇ ਹਨ।

ਸ਼ੋਰ ਕਾਰਣ ਕਮਜ਼ੋਰ ਦਿਲ ਵਾਲਿਆਂ ਨੂੰ ਹਾਰਟ ਅਟੈਕ ਦਾ ਆਉਣਾ, ਪੜ੍ਹਨ ਵਾਲੇ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਪੈਣਾ, ਬੀਮਾਰ ਆਦਮੀ, ਬੱਚਿਆਂ ਤੇ ਬਜ਼ੁਰਗਾਂ ਦੀ ਨੀਂਦ ਵਿੱਚ ਖ਼ਲੱਲ ਪੈਣਾ, ਆਮ ਗੱਲਾਂ ਹਨ। ਇਸ ਸੱਭ ਲਈ ਐਕਟ ਹੈ ਜਿਸ ਅਨੁਸਾਰ ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ ਨਿਯੰਤਰਣ ਕਰਦਾ ਹੈ।

ਕਈ ਮੁਲਕਾਂ ਵਿੱਚ ਦਰਖ਼ੱਤ ਸਰਕਾਰ ਦੀ ਲਿਖਤੀ ਇਜਾਜ਼ਤ ਬਗ਼ੈਰ ਕੱਟੇ ਨਹੀਂ ਜਾ ਸਕਦੇ। ਅਜਿਹਾ ਕਰਨ ਨਾਲ ਵੱਡਾ ਜੁਰਮਾਨਾ ਭਰਨਾ ਪੈ ਸਕਦਾ ਹੈ। ਘਾਹ ਉੱਪਰ ਚੱਲਣ ਦੀ ਵੀ ਮਨਾਹੀ ਹੋਣ ਦੇ ਨਾਲ ਨਾਲ ਆਸਾ ਪਾਸਾ ਸਾਫ਼ ਰੱਖਣਾ, ਕੁੱਤਿਆਂ ਨੂੰ ਪਾਰਕਾਂ ਵਿੱਚ ਘੁਮਾਉਣ ਵੇਲੇ ਕੁੱਤੇ ਦਵਾਰਾ ਪਾਏ ਗਏ ਗੰਦ ਨੂੰ ਖ਼ੁਦ ਹੀ ਸਾਫ਼ ਕਰਨਾ ਵੀ ਇਸੇ ਦਾ ਹੀ ਹਿੱਸਾ ਹੈ।

**ਖੇਤੀ ਬਾੜੀ ਯੂਨੀਵਰਸਿਟੀਆਂ ਦਾ ਯੋਗਦਾਨ**

ਪੰਜਾਬ ਖੇਤੀ ਬਾੜੀ ਯੂਨੀਵਰਸਿਟੀ (ਲੁਧਿਆਣਾ) ਦਾ ਪਸਾਰ ਸਿੱਖਿਆ ਵਿਭਾਗ ਲੋਕਾਂ ਨੂੰ ਇਸ ਵਿਸ਼ੇ ਤੇ ਜਾਗਰੂਕ ਕਰਦਾ ਹੈ। ਕਈ ਪ੍ਰਾਈਵੇਟ ਅਦਾਰੇ ਵੀ ਵਾਤਾਵਰਣ ਨੂੰ ਬਚਾਉਣ ਵਿੱਚ ਰੁੱਝੇ ਹੋਏ ਹਨ। "ਈਕੋ ਫਰੈਂਡਲੀ ਐਸੋਸੀਏਸ਼ਨ" **(Eco-Friendly Association)** ਵੀ ਇਸ ਸੰਬੰਧੀ 1999 ਤੋਂ ਕੰਮ ਕਰ ਰਹੀ ਹੈ ਅਤੇ ਹਰ ਸਾਲ 5000 ਬੂਟੇ ਲਾਉਂਦੀ ਹੈ। ਇਹ ਸੰਸਥਾ ਹੁਣ ਤੱਕ 80,000 ਦੇ ਲੱਗ ਭੱਗ ਬੂਟੇ ਲਗਾ ਚੁੱਕੀ ਹੈ। ਇਸ ਤੋਂ ਇਲਾਵਾ, "ਈਕੋ ਸਿੱਖ" **(Eco-Sikh)** ਨਾਂ ਦਾ ਇੱਕ ਅੰਤਰ-ਰਾਸ਼ਟਰੀ ਅਦਾਰਾ ਵੀ ਦੁਨੀਆਂ ਭਰ ਵਿਚ (ਮਿਯਾਵਾਕੀ ਪ੍ਰਣਾਲੀ ਨਾਲ) ਜੰਗਲ ਲਗਾਉਣ ਦੀ ਨਿਸ਼ਕਾਮ ਸੇਵਾ ਕਰ ਰਿਹਾ ਹੈ।

**ਨੋਟ**

ਪਾਣੀ ਅਤੇ ਧਰਤੀ ਪ੍ਰਦੂਸ਼ਣ **(Water and Soil Pollution)** ਦੇ ਕੰਟਰੋਲ ਲਈ ਕਿਰਪਾ ਕਰਕੇ ਮਾਰਚ ਮਹੀਨੇ ਦੀ "ਸਾਂਝੀ ਵਿਰਾਸਤ" ਵਿਚ ਅਗਲੀ ਤੇ ਅਖ਼ੀਰਲੀ ਕਿਸ਼ਤ ਜ਼ਰੂਰ ਪੜ੍ਹਨਾ ਜੀ।

# ਸੱਚੀ ਸੁੱਚੀ ਸਿਆਸਤ ਦੇ ਬਾਬਾ ਬੋਹੜ

Jagdev Singh Khuddian



Member of Parliament, Lok Sabha

ਖ਼ਾਲਸਾ ਕਾਲਜ, ਅਮ੍ਰਿਤਸਰ, ਨਾਲ ਮੇਰਾ ਬੜਾ ਗੂੜ੍ਹਾ ਸੰਬੰਧ ਰਿਹਾ ਹੈ। ਮੇਰੇ ਨਾਨਾ ਜੀ, ਪ੍ਰੋ. ਸਾਹਿਬ ਸਿੰਘ, ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਅਤੇ ਮੈਂ ਵੀ ਉਸੇ ਕਾਲਜ ਨਾਲ ਜੁੜੇ ਰਹੇ ਹਾਂ। ਸਰਦਾਰ ਜਗਦੇਵ ਸਿੰਘ ਖੁਡੀਆਂ ਜੀ ਵੀ ਖ਼ਾਲਸਾ ਕਾਲਜ ਹੀ ਪੜ੍ਹੇ ਸਨ। ਸਰਲ ਸੁਭਾਅ ਪਿਛੇ ਗਹਿਰ ਗੰਭੀਰ ਸੋਚ ਦੇ ਮਾਲਕ ਸਨ ਤੇ ਲੋਕ ਉਨ੍ਹਾਂ ਨੂੰ ਇਕ ਦਰਵੇਸ਼ ਸਿਆਸਤਦਾਨ ਹੀ ਆਖਦੇ। ਸੜਕ ਕਿਨਾਰੇ ਵੀ ਉਨ੍ਹਾਂ ਦੀ ਨਜ਼ਰੀਂ ਚੰਗੀਆਂ ਕਿਤਾਬਾਂ ਪੈ ਜਾਂਦੀਆਂ ਤਾਂ ਉੱਥੇ ਹੀ ਗੋਡੀਂ ਭਾਰ ਬਹਿ ਕੇ ਪੜ੍ਹਨਾ ਸ਼ੁਰੂ ਕਰ ਦਿੰਦੇ । ਕਿਤਾਬਾਂ ਦੇ ਖ਼ਰੀਦੇ ਢੇਰ ਨੂੰ ਦੋਹਾਂ ਹਥਾਂ ਨਾਲ ਚੁਕ ਕੇ ਤੇ ਕੁਝ ਕਛ ਵਿਚ ਫਸਾ ਕੇ ਪੈਦਲ ਹੀ ਤੁਰ ਪੈਂਦੇ। ਅਜ ਦੇ ਦਿਨ ਸੋਚ ਕੇ ਅਜੀਬ ਲਗਦਾ ਹੈ ਕਿ ਜਗਦੇਵ ਜੀ ਆਪਣੀ ਸਰਕਾਰੀ ਕਾਰ ਛਡ ਕੇ ਕਿਤਾਬਾਂ ਚੁਕ ਕੇ ਬਸ ਉੱਤੇ ਸਫਰ ਕਰਦੇ ਸਨ। ਲੋਕ ਉਨ੍ਹਾਂ ਨੂੰ ਵੇਖ ਕੇ ਇਜ਼ਤ ਨਾਲ ਸਿਰ ਝੁਕਾ ਲੈਂਦੇ ਸਨ।

ਆਪਣੇ ਪਿਤਾ ਤੋਂ ਗੁਰਬਾਣੀ ਦੀ ਚੇਟਕ ਲਗ ਗਈ। ਜਦੋਂ ਸ਼ਾਮ ਪੈਣੀ ਤਾਂ ਪਿਤਾ ਬਚਿਆਂ ਨੂੰ 'ਵਾਹਿਗੁਰੂ' ਚੇਤੇ ਕਰਦੇ ਰਹਿਣ ਲਈ ਇਕ ਆਨਾ ਦੇ ਦਿੰਦੇ। ਜਿਸ ਬੱਚੇ ਨੇ ਦੇਰ ਰਾਤ ਤਕ ਇਹ ਜਾਰੀ ਰਖਣਾ ਤਾਂ ਉਸ ਨੂੰ ਚੁਆਨੀ ਮਿਲ ਜਾਣੀ। ਉਨ੍ਹਾਂ ਦੇ ਮਾਂਤਾ ਜੀ ਰੋਜ਼ ਤਿੰਨ ਵਾਰ ਸੁਖਮਨੀ ਸਾਹਿਬ ਦਾ ਪਾਠ ਜ਼ਰੂਰ ਕਰਦੇ ਅਤੇ ਗੁਰਬਾਣੀ ਨਾਲ ਪੁੱਤਰਾਂ ਨੂੰ ਜੋੜਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਰਹੇ। ਅੰਮ੍ਰਿਤ ਛਕ ਕੇ ਅਜਿਹੇ ਸੱਚੇ ਸੁੱਚੇ ਸਿੱਖ ਸਜੇ ਜਿਨ੍ਹਾਂ ਨੂੰ ਝੂਠ, ਬੇਈਮਾਨੀ ਤੋਂ ਸਖ਼ਤ ਨਫ਼ਰਤ ਸੀ। ਹੱਕ ਦਾ ਹੀ ਖਾਣਾ ਭਾਵੇਂ ਕਿੰਨੀ ਹੀ ਔਖ ਕਟਣੀ ਪਵੇ।

ਘਰ ਕੱਚਾ, ਚੁਬਾਰੇ ਦੀਆਂ ਕੰਧਾਂ 'ਚੋਂ ਵਗੀਆਂ ਮੀਂਹ ਦੀਆਂ ਧਾਰਾਂ ਅਤੇ ਨੀਂਵੀ ਬਾਲਿਆਂ ਦੀ ਛਤ ਦੇ ਨਾਲ ਬਿਨਾਂ ਤਾਕੀ ਦਾ ਕਮਰਾ ਸੀ ਜਿਸ ਦੇ ਰੋਸ਼ਨਦਾਨ ਕਿਤਾਬਾਂ ਨਾਲ ਤੂਸੇ ਹੋਏ ਸਨ! ਸੱਚੀ ਸੁੱਚੀ ਸਿਆਸਤ ਦੇ ਲੇਖੇ ਲਾਈ ਸਾਰੀ ਜ਼ਮੀਨ ਅਤੇ ਲੋੜਵੰਦਾਂ ਲਈ ਵਰਤਿਆ ਸਾਰਾ ਪੈਸਾ ਹੀ ਉਨ੍ਹਾਂ ਵਾਸਤੇ ਰਾਜ ਕਰਨਾ ਸੀ। ਉਨ੍ਹਾਂ ਦੇ ਤੁਰ ਜਾਣ ਬਾਅਦ ਬ੍ਰੀਫਕੇਸ ਵਿਚੋਂ ਸਿਰਫ ਇਕ ਨਿਤਨੇਮ ਦਾ ਗੁਟਕਾ ਸਾਹਿਬ ਲਭਿਆ। ਬੱਚੇ ਉਨ੍ਹਾਂ ਨੂੰ ਪਿਆਰ ਨਾਲ "ਆੜੀ ਬਾਪੂ" ਸਦਦੇ ਸਨ।

ਉਨ੍ਹਾਂ ਨੂੰ ਪੰਜਾਬ ਅਤੇ ਸਿੱਖੀ ਲਈ ਦ੍ਰਿੜ ਇਰਾਦਾ ਰਖਣ ਵਾਲੇ ਲੋਕ ਚੰਗੇ ਲਗਦੇ ਸਨ। "ਅਪਰੇਸ਼ਨ ਬਲੂ ਸਟਾਰ" ਨੇ ਉਨ੍ਹਾਂ ਦੇ ਮਨ ਉੱਤੇ ਡੂੰਘੀ ਛਾਪ ਛਡੀ। ਖ਼ੂਬਸੂਰਤ ਲਿਖਾਈ ਦੇ ਮਾਲਕ ਸਨ। ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਉਰਦੂ ਵਧੀਆ ਜਾਣਦੇ ਸਨ। ਉੱਚ ਕੋਟੀ ਦਾ ਸਾਹਿਤ ਪੜ੍ਹਨਾ ਹੀ ਵੱਡਾ ਸ਼ੋਕ ਸੀ। ਸਤੰਬਰ 1936 ਵਿਚ ਜੰਮੇ ਉਹ 53 ਵਰ੍ਹੇ ਦੀ ਉਮਰ ਭੋਗ ਕੇ ਤੁਰ ਗਏ ।

ਆਮ ਧਾਰਨਾ ਹੈ ਕਿ ਬੋਹੜ ਦੇ ਹੇਠਾਂ ਕੋਈ ਹੋਰ ਬੋਹੜ ਪਨਪ ਨਹੀਂ ਸਕਦਾ। ਪਰ ਨਿਸ਼ਕਾਮ ਸਿਆਸਤ ਦੇ ਇਸ ਬਾਬਾ ਬੋਹੜ ਦੇ ਹੇਠਾਂ ਵਡੇ ਸਪੁੱਤਰ ਨੇ ਸਾਬਤ ਕਰ ਦਿਤਾ ਹੈ ਕਿ ਬੋਹੜ ਹੇਠਾਂ ਇਕ ਹੋਰ ਬੋਹੜ ਪਨਪ ਸਕਦਾ ਹੈ, ਬਸ਼ਰਤੇ ਕਿ ਨੀਅਤ ਸਾਫ਼ ਹੋਵੇ ਅਤੇ ਸੇਵਾ ਦੀ ਲਗਨ ਪੱਕੀ ਹੋਵੇ। ਸ਼ਾਲਾ ਉਮੀਦ ਕਰਦੇ ਹਾਂ ਕਿ ਉਨ੍ਹਾਂ ਦੇ ਸਪੁੱਤਰ ਆਪਣੇ ਆਦਰਸ਼ ਗੁਰਸਿੱਖ ਪਿਤਾ ਦੇ ਦਸੇ ਰਾਹ ਉੱਤੇ ਤੁਰ ਕੇ ਅਜ ਸਿਆਸਤ ਵਿਚ ਅਸੂਲਾਂ ਤੇ ਚੱਲਣ ਦੀ ਨਵੀਂ ਮਿਸਾਲ ਕਾਇਮ ਕਰਨਗੇ।

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ (ਭਾਰਤ) 0175-2216783

# ਤੈਨੂੰ ਕੌਣ ਖਵਾਊ ਰੋਟੀ


## ਡਾ. ਹਰਜਿੰਦਰ ਸਿੰਘ ਢੀਂਡਸਾ, ਕੈਨਬਰਾ (ਅਸਟ੍ਰੇਲੀਆ)





ਤੇਰੇ ਹੱਥ ਵਿੱਚ ਡੰਡਾ ਪੁੱਤਰਾ
ਮੇਰੇ ਹੱਥ ਵਿੱਚ ਅੰਨ
ਮੇਰੇ ਮੋਢੇ ਟੰਗੀ ਪੰਜਾਲੀ
ਤੇਰੇ ਮੋਢੇ ਗੰਨ

ਤੈਨੂੰ ਅਦੇਸ਼ ਤੇਰਾ ਆਕਾ ਦਿੰਦਾ
ਮੈਨੂੰ ਦੇਵੇ ਧਰਤੀ ਮਾਂ
ਖਾ ਡੰਡਾ ਮੌਰਾਂ ਵਿੱਚ ਤੈਥੋਂ
ਮੈ ਸੀ ਤੱਕ ਨਾ ਕਰਾਂ

ਮੈ ਮਾਂ ਦੇ ਸੀਨੇ ਨੂੰ ਪਾੜਕੇ
ਉਸ ਦੇ ਵਿਚੋਂ ਅੰਨ ਉਗਾਵਾਂ
ਖੁਦ ਚਾਹੇ ਮੈ ਭੁੱਖਾ ਰਹਿਜਾਂ
ਪਰ ਭੁੱਖਿਆਂ ਨੂੰ ਨਿੱਤ ਰਜਾਵਾਂ

ਆਕੇ ਦੀ ਗੱਲ ਮੰਨਕੇ ਭਾਵੇਂ
ਮਾਰ ਚਾਹੇ ਮੇਰੇ ਸੋਟੀ
ਮੇਰੇ ਮਰ ਜਾਣ ਤੋਂ ਮਗਰੋਂ ਪੁੱਤਰਾ
ਤੈਨੂੰ ਕੌਣ ਖਵਾਊ ਰੋਟੀ

ਕਿਰਸਾਣੀ ਜੇ ਖਤਮ ਹੋ ਗਈ
ਕਿਥੋਂ ਅਪਣਾ ਪੇਟ ਭਰੂੰਗਾ
ਆਕੇ ਨੇ ਤੇਰਾ ਹੱਥ ਨੀ ਫੜਨਾ
ਅੁਹ ਵੀ ਤਾਂ ਭੁਖਾ ਹੀ ਮਰੂੰਗਾ

**Gurpurabs, Festivals and other Events as per Mool Nanakshahi Calendar**.

| Gurpurabs, Festivals and other Events | Nanakshahi | Gregorian |
|---|---|---|
| Guru Har Rai, The 7th Guru's Gur-Gaddi Divas<br>Nanakshahi New Year Day | 1 Chet | 14 Mar |
| Guru Hargobind The 6th Guru's Jyoti-Jot Divas | 6 Chet | 19 Mar |
| Birth Day of Guru Nanak, The 1st Guru, and The Khalsa Sajna Divas | 1 Vaisakh | 14 Apr |
| Guru Angad , The 2nd Guru's Jyoti-Jot Divas,<br>Guru Amar Das, The 3rd Guru's Gur-Gaddi Divas,<br>Guru Harkrishan , The 8th Guru's Jyoti-Jot Divas<br>Guru Tegh Bahadur , The 9th Guru's Gur-Gaddi Divas | 3 Vaisakh | 16 Apr |
| Birth Day of Guru Angad, The 2nd Guru<br>Birth Day of Guru Tegh Bahadur. The 9th Guru | 5 Vaisakh | 18 Apr |
| Birth Day of Guru Arjan, The 5th Guru | 19 Vaisakh | 2 May |
| Birth Day of Guru Amar Das, The 3rd Guru | 9 Jeth | 23 May |
| Guru Hargobind, The 6th Guru's Gur-Gaddi Divas | 28 Jeth | 11 Jun |
| Guru Arjan, The 5th Guru's Martyrdom Day | 2 Harh | 16 Jun |

| Gurpurabs, Festivals and other Events | Nanakshahi | Gregorian |
|---|---|---|
| Foundation Day of Sri Akaal Takht Sahib | 18 Harh | 16 Jun |
| Birth Day of Guru Hargobind, The 6th Guru | 21 Harh | 5 Jul |
| Miri-Piri is Established by Guru Hargobind | 6 Sawan | 21 Jul |
| Birth Day of Guru Harkrishan, The 8th Guru | 8 Sawan | 23 Jul |
| Writing of Sri Guru Granth Sahib,<br>The Holy Sikh Scripture, is completed | 15 Bhadon | 30 Aug |
| Sri Guru Granth Sahib is installed at Darbar Sahib<br>(Golden Temple), Amritsar, for the first time | 17 Bhadon | 1 Sep |
| Guru Amar Das Jyoti Jot, Guru Ram Das Gur-Gaddi<br>Guru Ram Das Jyoti-Jot, Guru Arjan Gur-Gaddi Divas | 2 Assu | 16 Sep |
| Guru Angad, The 2nd Guru's Gur-Gaddi Divas | 4 Assu | 18 Sep |
| Guru Nanak, The 1st Guru's Jyoti-Jot Divas | 8 Assu | 22 Sep |
| Birth Day of Guru Ram Das, The 4th Guru | 25 Assu | 9 Oct |
| | | |


| Gurpurabs, Festivals and other Events | Nanakshahi | Gregorian |
|---|---|---|
| Guru Har Rai Jyoti-Jot Divas<br>Guru Harkrishan Gur-Gaddi Divas<br>Sri Guru Granth Sahib is declared "The Next Eternal Guru" by Guru Gobind Singh, The 10th Guru | 6 Katak | 20 Oct |
| Guru Gobind Singh Jyoti-Jot Divas | 7 Katak | 21 Oct |
| Guru Gobind Singh Gur-Gaddi Divas | 11 Maghar | 24 Nov |
| Guru Tegh Bahadur Martyrdom Divas | 11 Maghar | 24 Nov |
| Sahibzadas Ajit Singh and Jujhar Singh, Martyred in the Battle of Chamkaur | 8 Poh | 21 Dec |
| Sahibzadas Zorawar Singh and Fateh Singh Bricked Alive in Sirhind | 13 Poh | 26 Dec |
| Birth Day of Guru Gobind Singh, the 10th Guru | 23 Poh | 5 Jan |






https://www.youtube.com/watch?v=rsKv6XF6yoY&t=8s

**ਕੈਲਗਰੀ ਈ-ਦੀਵਾਨ ਸੋਸਾਇਟੀ ਵਲੋਂ**
**14 ਜਨਵਰੀ 2023 ਨੂੰ**
**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਗੁਰਪੁਰਬ ਨੂੰ**
**ਸਮਰਪਿਤ**
**ਕਵੀ ਦਰਬਾਰ ਵਿਚ ਹਾਜ਼ਰ ਸੰਗਤ ਦਾ ਇੱਕ ਦ੍ਰਿਸ਼**



# ਕਵੀ ਦਰਬਾਰ ਦੀ ਰਿਪੋਰਟ

## ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) +1 403 404 1450

**ਈ- ਦੀਵਾਨ ਸੋਸਾਇਟੀ ਕੈਲਗਰੀ** ਵਲੋਂ, 14 ਜਨਵਰੀ ਨੂੰ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਆਗਮਨ ਪੁਰਬ ਨੂੰ ਸਮਰਪਿਤ, ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਇਆ ਗਿਆ- ਜਿਸ ਵਿੱਚ ਦੇਸ਼ ਵਿਦੇਸ਼ ਤੋਂ 11 ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ, ਜਿਹਨਾਂ ਨੇ ਅੰਮ੍ਰਿਤ ਦੇ ਦਾਤੇ, ਸਰਬੰਸ ਦਾਨੀ, ਦਸ਼ਮੇਸ਼ ਪਿਤਾ ਦੀ ਲਾਸਾਨੀ ਸ਼ਖਸੀਅਤ ਤੇ ਉਹਨਾਂ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਤੇ ਗੀਤ ਤੇ ਕਵਿਤਾਵਾਂ ਸੁਣਾ ਕੇ, ਉਹਨਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕੀਤਾ।

ਸਮਾਗਮ ਦੇ ਸ਼ੁਰੂ ਵਿੱਚ, ਸੰਸਥਾ ਦੇ ਸੰਸਥਾਪਕ ਤੇ ਸੰਚਾਲਕ- ਡਾ. ਬਲਰਾਜ ਸਿੰਘ ਜੀ ਨੇ ਸਮੂਹ ਕਵੀ ਸਾਹਿਬਾਨ ਨੂੰ 'ਜੀ ਆਇਆਂ' ਕਹਿੰਦਿਆਂ ਹੋਇਆਂ, ਸਭਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਫਿਰ ਟੋਰੰਟੋ ਤੋਂ ਬੱਚੀਆਂ ਅਮਿਤੋਜ਼ ਕੌਰ ਤੇ ਅਨੁਰੀਤ ਕੌਰ ਨੇ, ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਸ਼ਬਦ ਸਰਵਣ ਕਰਾਇਆ। ਉਸ ਤੋਂ ਬਾਅਦ ਗੁਰਦੀਸ਼ ਕੌਰ ਗਰੇਵਾਲ ਨੇ, ਮੰਚ ਸੰਚਾਲਨ ਕਰਦਿਆਂ ਕਵੀਆਂ ਦੀ ਜਾਣ ਪਛਾਣ ਕਰਾਈ ਤੇ ਵਾਰੋ ਵਾਰੀ ਸਭ ਨੂੰ ਸੱਦਾ ਦਿੱਤਾ।ਪਹਿਲਾਂ ਟੋਰੰਟੋ ਤੋਂ, ਪਰਮਜੀਤ ਸਿੰਘ ਜੀ ਨੇ ਆਪਣੀਆਂ ਬੇਟੀਆਂ ਨਾਲ, ਗੁਰਦੀਸ਼ ਕੌਰ ਦਾ ਲਿਖਿਆ ਗੀਤ-'ਲੱਥਣਾ ਨਹੀਂ ਰਿਣ ਸਾਥੋਂ, ਬਾਜਾਂ ਵਾਲੇ ਮਾਹੀ ਦਾ' ਸੁਣਾ ਕੇ, ਸੰਗੀਤਮਈ ਸ਼ੁਰੂਆਤ ਕੀਤੀ। ਲੁਧਿਆਣੇ ਦੇ ਗੀਤਕਾਰ ਤੇ ਗਾਇਕ ਪਰਮਿੰਦਰ ਸਿੰਘ ਅਲਬੇਲਾ ਨੇ 'ਕਲਗੀਧਰ ਜਿਹਾ ਪਰਉਪਕਾਰੀ, ਨਾ ਕੋਈ ਹੋਇਐ ਨਾ ਕੋਈ ਹੋਣਾ', ਨੋਇਡਾ ਤੋਂ ਜਸਪ੍ਰੀਤ ਕੌਰ ਡੀ.ਈ.ਓ (ਰਿਟਾ.) ਨੇ 'ਉਸ ਨੀਲੇ ਘੋੜੇ ਵਾਲੇ ਦੀ, ਕੋਈ ਗੱਲ ਸੁਣਾਈ ਜਾਂਦੀ ਨਹੀਂ', ਅਤੇ ਚੰਡੀਗੜ੍ਹ ਤੋਂ ਸਿਮਰਜੀਤ ਕੌਰ ਗਰੇਵਾਲ ਨੇ 'ਦਸ਼ਮੇਸ਼ ਪਿਤਾ ਮੈਂ ਤੇਰੇ ਬਾਰੇ ਲਿਖ ਸਕਾਂ, ਹਾਲੇ ਮੇਰੀ ਕਲਮ ਏਨੀ ਸਮਰੱਥ ਨਾ ਹੋਈ' ਗੀਤਾਂ ਨੂੰ ਸੁਣਾ ਕੇ, ਸਰੀ ਬੀ.ਸੀ. ਦੇ ਸਾਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ ਕਵੀਸ਼ਰੀ 'ਪੁੱਤਰਾਂ ਦੇ ਦਾਨੀ ਦੀ ਕੁਰਬਾਨੀ ਨੂੰ ਕਿਤੇ ਭੁੱਲ ਨਾ ਜਾਇਓ', ਸੁਣਾ ਕੇ ਰੰਗ ਬੰਨ੍ਹ ਦਿੱਤਾ।

ਮਖੂ (ਫਿਰੋਜ਼ਪੁਰ) ਤੋਂ ਡਾ. ਸ਼ਤੀਸ਼ ਠੁਕਰਾਲ ਸੋਨੀ ਨੇ 'ਗਾਥਾ ਸੁਣ ਲਓ ਗੁਰੂ ਗੋਬਿੰਦ ਦੀ' ਤਰੰਨਮ ਚ, ਲੁਧਿਆਣਾ ਤੋਂ ਗੁਰਵਿੰਦਰ ਸਿੰਘ ਸ਼ੇਰਗਿੱਲ ਨੇ 'ਧੰਨ ਧੰਨ ਗੁਰੂ ਕਲਗੀਆਂ ਵਾਲੜਿਆ' ਗੀਤ ਅਤੇ ਯੂ.ਕੇ. ਤੋਂ ਆਈ ਮਨਜੀਤ ਕੌਰ ਪੱਡਾ ਨੇ 'ਜੇ ਗੁਰੂ ਗੋਬਿੰਦ ਸਿੰਘ ਨਾ ਹੁੰਦੇ' ਭਾਵਪੂਰਤ ਕਵਿਤਾ ਨਾਲ ਸਾਂਝ ਪਾਈ।

ਉਸ ਤੋਂ ਬਾਅਦ ਜਗਬੀਰ ਸਿੰਘ ਨੇ ਹੋਸਟ ਕਰਦਿਆਂ ਪਹਿਲਾਂ ਗੁਰਦੀਸ਼ ਕੌਰ ਨੂੰ ਕਵਿਤਾ ਸੁਨਾਉਣ ਦੀ ਬੇਨਤੀ ਕੀਤੀ- ਜਿਸ ਤੇ ਉਹਨਾਂ ਨੇ ਆਪਣੀ ਕਵਿਤਾ 'ਸਰਬੰਸ ਦਾਨੀ' ਸਾਂਝੀ ਕੀਤੀ। ਟੋਰੰਟੋ ਤੋਂ ਪੰਥਕ ਸ਼ਾਇਰ ਸੁਜਾਨ ਸਿੰਘ ਸੁਜਾਨ ਨੇ ਬਾਲ ਗੋਬਿੰਦ ਰਾਇ ਦੇ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਜਾਣ ਸਮੇਂ ਦਾ ਦ੍ਰਿਸ਼ ਵਰਨਣ ਕਰਦੀ ਰਚਨਾ, ਅਤੇ ਜਸਪਾਲ ਸਿੰਘ ਦੇਸੂਈ ਨੇ ਮਾਛੀਵਾੜੇ ਦੇ ਜੰਗਲ ਦਾ ਸੀਨ ਬਿਆਨ ਕਰਦਾ ਹੋਇਆ ਗੀਤ ਸਾਂਝਾ ਕੀਤਾ। ਸਿਆਟਲ ਤੋਂ ਨਾਮਵਰ ਸ਼ਾਇਰ ਅਵਤਾਰ ਸਿੰਘ ਆਦਮਪੁਰੀ ਨੇ 'ਕਲਮਾਂ ਕੀ ਲੇਖਾ ਲਿਖਣਾ ਉਹਦੇ ਉਪਕਾਰਾਂ ਦਾ', ਗੀਤ ਸੁਣਾ ਕੇ ਵਾਹਵਾ ਖੱਟੀ। ਸੰਗਤ ਨੇ ਜੈਕਾਰਿਆਂ ਰਾਹੀਂ ਇਸ ਕਵੀ ਦਰਬਾਰ ਨੂੰ ਭਰਪੂਰ ਹੁੰਗਾਰਾ ਦਿੱਤਾ।

ਡਾ. ਸੁਰਜੀਤ ਸਿੰਘ ਭੱਟੀ ਨੇ ਸਮੂਹ ਕਵੀਆਂ ਦਾ ਸੰਗਤ ਵਲੋਂ ਧੰਨਵਾਦ ਕੀਤਾ ਅਤੇ ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਲਿਖਤੀ ਰੂਪ ਵਿੱਚ, ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ। ਸਮਾਪਤੀ ਤੇ ਜੈਪੁਰ ਤੋਂ ਆਏ ਬ੍ਰਿਜਮਿੰਦਰ ਕੌਰ ਨੇ ਆਨੰਦ ਸਾਹਿਬ ਪੜ੍ਹਿਆ ਅਤੇ ਅਰਦਾਸ ਦੀ ਸੇਵਾ ਜਗਬੀਰ ਸਿੰਘ ਜੀ ਨੇ ਨਿਭਾਈ।

ਇਸ ਤਰ੍ਹਾਂ ਸਰੋਤਿਆਂ ਤੇ ਮਨਾਂ ਤੇ ਅਮਿੱਟ ਛਾਪ ਛੱਡਦਾ ਹੋਇਆ, ਇਹ ਕਵੀ ਦਰਬਾਰ ਸੰਪਨ ਹੋਇਆ। ਵਧੇਰੇ ਜਾਣਕਾਰੀ ਲਈ- ਡਾ. ਬਲਰਾਜ ਸਿੰਘ 403 978 2419 ਜਾਂ ਜਗਬੀਰ ਸਿੰਘ ਨਾਲ 587 718 8100 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮਾਂ-ਬੋਲੀ ਦਿਵਸ (21 ਫਰਵਰੀ)
# (International Mother Language Day)
## ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

**ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ** ਸਨ 2000 ਤੋਂ ਹਰ ਸਾਲ 21 ਫਰਵਰੀ ਨੂੰ ਮਨਾਇਆ ਜਾਂਦਾ ਹੈ। ਇਹ ਉਨ੍ਹਾਂ ਲੋਕਾਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੀ ਮਾਂ ਬੋਲੀ ਲਈ ਆਪਣਾ ਸਾਰਾ ਜੀਵਨ ਕੁਰਬਾਨ ਕਰ ਦਿੱਤਾ। ਕੁਲ ਲਗਭਗ 6000 ਵਿਚੋਂ ਇੱਕ ਤੀਸਰਾ ਹਿੱਸਾ ਭਾਸ਼ਾਵਾਂ ਅਲੋਪ ਹੋ ਚੁਕੀਆਂ ਹਨ, ਤੇ ਕਈ ਹੋਰ ਅਲੋਪ ਹੋਣ ਦੇ ਖ਼ਤਰੇ ਵਿੱਚ ਹਨ। ਦੁਨੀਆ ਦੇ 40% ਲੋਕਾਂ ਕੋਲ ਆਪਣੀ ਮਾਂ-ਬੋਲੀ ਵਿੱਚ ਸਿੱਖਿਆ ਤੱਕ ਪਹੁੰਚ ਨਹੀਂ ਹੈ। ਜ਼ਰੂਰੀ ਹੈ ਕਿ ਇਨ੍ਹਾਂ ਦੇ ਸੱਭਿਆਚਾਰ, ਵਿਰਸੇ ਅਤੇ ਇਤਿਹਾਸ ਨੂੰ ਬਰਕਰਾਰ ਰੱਖਿਆ ਜਾਵੇ।

**ਭਾਰਤ, ਪਾਕਿਸਤਾਨ** ਅਤੇ ਕਈ ਹੋਰ ਮੁਲਕਾਂ ਦੇ ਲਗਭਗ 15 ਕਰੋੜ (150 ਮਿਲੀਅਨ) ਲੋਕ ਪੰਜਾਬੀ ਬੋਲਦੇ ਹਨ। ਦੁਨੀਆਂ ਵਿਚਾਂ ਇਸ ਖੁਬਸੂਰਤ ਭਾਸ਼ਾ ਦਾ ਦਸਵਾਂ ਸਥਾਨ ਹੈ। ਪੁਰਾਤਨ ਸਮਿਆਂ ਦੌਰਾਨ ਦੱਖਣੀ ਏਸ਼ੀਆ ਵਿਚ ਸੰਸਕ੍ਰਿਤ ਭਾਸ਼ਾ ਪੁਜਾਰੀ ਵਰਗ ਦੀ ਮਲਕੀਅਤ ਸੀ ਅਤੇ (ਅਰਬੀ-ਫ਼ਾਰਸੀ ਤੋਂ ਬਣੀ) 'ਸ਼ਾਹਮੁਖੀ' ਆਮ ਲੋਕਾਂ ਦੀ ਭਾਸ਼ਾ ਸੀ। ਕੋਈ ਸਾਂਝੀ ਭਾਸ਼ਾ ਜਾਂ ਲਿਖਤੀ ਲਿਪੀ ਮੌਜੂਦ ਨਹੀਂ ਸੀ। ਬਾਬਾ ਸ਼ੇਖ਼ ਫ਼ਰੀਦ ਨੇ 12-ਵੀਂ ਸਦੀ ਵਿਚ ਪੰਜਾਬੀ (ਸ਼ਾਹਮੁਖੀ) ਵਿਚ ਸਲੋਕ ਲਿਖੇ ਪਰ ਗੁਰੂ ਨਾਨਕ ਸਾਹਿਬ (1469-1539) ਤੋਂ 'ਗੁਰਮੁਖੀ' ਲਿਪੀ ਹੋਂਦ ਵਿਚ ਆਈ। ਗੁਰਮੁਖੀ ਲਿਪੀ ਵਿਚ ਪੰਜਾਬੀ ਨੂੰ ਲਿਖਣ ਦਾ ਮਿਆਰੀ ਰੂਪ ਗੁਰੂ ਅੰਗਦ ਸਾਹਿਬ (1504-1552) ਨੇ ਤਿਆਰ ਕੀਤਾ। ਸਮੇ ਨਾਲ ਇਹ ਇਕ ਸਰਬ ਸਾਂਝੀ 'ਸੰਤ ਭਾਸ਼ਾ' ਬਣ ਗਈ ਜਿਸ ਨੂੰ ਸਭ ਧਰਮਾਂ ਦੇ ਲੋਕ ਬੋਲਣ ਲਗ ਪਏ। ਸਨ 1604 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਅਤੇ ਭਗਤਾਂ ਦੀਆਂ (ਗੁਰਮੁਖੀ ਲਿਪੀ ਵਿਚ) ਲਿਖਤਾਂ ਸਧਾਰਣ ਲੋਕਾਂ ਤਕ ਪੁਜੀਆਂ।

**ਮਾਂ ਬੋਲੀ ਦੇ ਰੂਪ ਵਿਚ** ਪੂਰਬੀ (ਭਾਰਤੀ) ਪੰਜਾਬ ਦੇ ਲਗਭਗ ਚਾਰ ਕਰੋੜ ਲੋਕਾਂ ਅਤੇ ਪੱਛਮੀ (ਪਾਕਿਸਤਾਨ ਵਿਚਲੇ) ਪੰਜਾਬ ਦੇ ਲਗਭਗ ਨੌਂ ਕਰੋੜ ਵਾਸੀਆਂ ਦੀ ਪਹਿਲੀ ਬੋਲੀ ਪੰਜਾਬੀ ਹੈ। ਭਾਰਤ ਅਤੇ ਪਾਕਿਸਤਾਨ, (ਦੋਵਾਂ ਦੇਸਾਂ) ਦੇ ਹੋਰ ਅਨੇਕਾਂ ਇਲਾਕਿਆਂ ਵਿਚ ਅਤੇ ਇਨ੍ਹਾਂ ਤੋਂ ਬਾਹਰ ਤਕਰੀਬਨ ਸਾਰੇ ਮਹਾਂਦੀਪਾਂ ਵਿਚ ਵੀ ਪੰਜਾਬੀ ਬੋਲੀ ਜਾਂਦੀ ਹੈ। ਕਨੇਡਾ ਅਤੇ ਇੰਗਲੈਂਡ ਵਿਚ ਪੰਜਾਬੀ ਤੀਜੀ ਮੁਖ ਭਾਸ਼ਾ ਹੈ ਅਤੇ ਅਸਟ੍ਰੇਲੀਆ ਵਿਚ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਅਮਰੀਕਾ, ਕੀਨੀਆਂ, ਨੈਰੋਬੀ, ਸਿੰਗਾਪੁਰ, ਅਤੇ ਮੱਧ-ਪੂਰਬੀ ਮੁਲਕਾਂ ਵਿਚ ਗਏ ਵਧੇਰੇ ਲੋਕ ਪੰਜਾਬੀ ਬੋਲਦੇ ਹਨ। ਇਨ੍ਹਾਂ ਸਭ ਮੁਲਕਾਂ ਵਿਚ ਦੋ ਕਰੋੜ ਤੋਂ ਵਧੇਰੇ ਪ੍ਰਵਾਸੀ ਪੰਜਾਬੀ ਬੋਲਦੇ ਹਨ।

**ਪੰਜਾਬੀ ਉਪ-ਭਾਸ਼ਾਵਾਂ** ਵਿਚੋਂ '**ਮਾਝੀ**' ਸਭ ਤੋਂ ਵਧ ਪ੍ਰਚਲਿਤ ਹੈ। ਗੁਰਮੁਖੀ ਲਿਪੀ ਵਧੇਰੇ ਮਾਝੀ ਅਨੁਸਾਰ ਹੀ ਹੈ। ਭਾਰਤ ਵਿਚ ਦੂਸਰੀ ਮੁਖ ਪੰਜਾਬੀ ਉਪ ਭਾਸ਼ਾ '**ਦੋਆਬੀ**'-ਪੰਜਾਬੀ ਹੋਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂਸ਼ਹਰ, ਬੰਗਾ ਅਤੇ ਲਾਗਲੇ ਇਲਾਕਿਆਂ ਵਿਚ ਵਧੇਰੇ ਬੋਲੀ ਜਾਂਦੀ ਹੈ। ਸਤਲੁਜ ਦੇ ਦੱਖਣ ਵਲ ਪੰਜਾਬ ਵਿਚ ਇਕ ਵੱਡੇ ਇਲਾਕੇ ਵਿਚ '**ਮਲਾਵੀ**'- ਪੰਜਾਬੀ ਪਟਿਆਲਾ, ਰਾਜਪੁਰਾ, ਬਠਿੰਡਾ, ਲੁਧਿਆਣਾ, ਰੋਪੜ, ਸੰਗਰੂਰ, ਮਾਣਸਾ, ਫਿਰੋਜ਼ਪੁਰ, ਫਾਜ਼ਿਲਕਾ, ਮੋਗਾ, ਮੋਹਾਲੀ ਵਿਚ ਪ੍ਰਮੁਖ ਤੌਰ ਤੇ ਬੋਲੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ, ਰਾਜਸਥਾਨੀ, ਪਹਾੜੀ, ਬਾਗੜੀ, ਛਾਛੀ ਅਤੇ ਪੁਆਧੀ ਪੰਜਾਬੀ ਵਖੋ ਵਖ ਇਲਾਕਿਆਂ ਵਿਚ ਲੋਕ ਬੋਲਦੇ ਹਨ। ਜਮੂੰ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿਚ ਲੋਕ **ਡੋਗਰੀ, ਸਰਾਇਕੀ** ਅਤੇ **ਪਹਾੜੀ** ਪੰਜਾਬੀ ਜ਼ਿਆਦਾ ਵਰਤਦੇ ਹਨ।

**ਮਾਝੀ, ਸ਼ਾਹਮੁਖੀ, ਪੋਠੋਹਾਰੀ,** ਝੰਗਵੀ ਪੰਜਾਬੀ ਉਪ-ਭਾਸ਼ਾਵਾਂ ਵਧੇਰੇ ਪਾਕਿਸਤਾਨ ਦੇ ਪੱਛਮੀ ਪੰਜਾਬ ਅਤੇ ਲਾਗਲੇ ਇਲਾਕਿਆਂ ਵਿਚ ਬੋਲੀਆਂ ਜਾਂਦੀਆਂ ਹਨ। ਪਾਕਿਸਤਾਨ ਦੇ ਲਾਹੌਰ, ਗੁਜਰਾਂਵਾਲਾ, ਕਸੂਰ, ਫੈਸਲਾਬਾਦ, ਸਿਆਲਕੋਟ, ਨਾਰੋਵਾਲ, ਹਾਫਿਜ਼ਾਬਾਦ, ਓਕਾਰਾ, ਮੰਡੀ ਬਹਾਊਦੀਨ ਅਤੇ ਨਨਕਾਣਾਂ ਸਾਹਿਬ ਵਿਚ ਵੀ ਵਧੇਰੇ ਮਾਝੀ ਪੰਜਾਬੀ ਬੋਲੀ ਜਾਂਦੀ ਹੈ। ਇਕ ਪੰਜਾਬੀ ਉਪ-ਭਾਸ਼ਾ ਬੋਲਣ ਵਾਲੇ ਦੂਸਰੀਆਂ ਨੂੰ ਅਸਾਨੀ ਨਾਲ ਸਮਝ ਲੈਂਦੇ ਹਨ। ਦੁਨੀਆਂ ਦੀ ਅਬਾਦੀ ਵਿਚੋਂ ਲਗਭਗ 15 ਕਰੋੜ ਪੰਜਾਬੀ ਬੋਲਣ ਵਾਲੇ 2 % ਹੀ ਹਨ। ਪਰ ਦੁਨੀਆਂ ਭਰ ਵਿਚ ਪੰਜਾਬੀ ਭਾਸ਼ਾ ਅਤੇ ਸਭਿਅਤਾ ਦਾ ਪ੍ਰਭਾਵ ਉਨ੍ਹਾਂ ਦੀ ਅਬਾਦੀ ਨਾਲੋਂ ਕਿਤੇ ਜ਼ਿਆਦਾ ਹੈ।

**ਅੰਗਰੇਜ਼ ਹਕੂਮਤ** ਨੇ ਪੰਜਾਬ ਉੱਤੇ ਕਬਜ਼ੇ ਤੋਂ ਬਾਅਦ, ਦਰਬਾਰ ਸਾਹਿਬ ਦਾ ਇੰਤਜ਼ਾਮ ਆਪਣੇ ਹੱਥਾਂ ਵਿਚ ਲੈ ਲਿਆ, ਸਰਬਰਾਹ (ਮੈਨੇਜਰ) ਨਾਮਜ਼ਦ ਕਰ ਦਿੱਤੇ, ਅਤੇ ਪੰਜਾਬੀ ਵਿਚ ਵਿਦਿਆ ਦੇਣੀ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੀ। ਪੰਜਾਬੀ ਦੀ ਥਾਂ ਉਰਦੂ ਅਤੇ ਅੰਗਰੇਜ਼ੀ ਪੰਜਾਬ ਵਿਚ ਸਿੱਖਿਆ ਦੇ ਮਾਧਿਅਮ ਬਣਾ ਦਿੱਤੇ। ਪੰਜਾਬੀ ਕਾਇਦੇ ਤਿੰਨ ਗੁਣਾ ਰਕਮ ਦੇ ਕੇ ਲੈ ਲਏ ਗਏ। ਇਸ ਤਰ੍ਹਾਂ ਪੰਜਾਬੀ ਸਮਾਜ ਇਕ ਨਵੀਂ ਰਾਹ 'ਤੇ ਪੈ ਗਿਆ। ਇਸ ਨੂੰ ਠੱਲ ਪਾਉਣ ਲਈ **"ਸਿੰਘ ਸਭਾ ਲਹਰ"** ਨੇ ਪੰਜਾਬੀ ਪੜ੍ਹਾਉਣ ਦੇ ਬੜੇ ਜਤਨ ਕੀਤੇ। **"ਗ਼ਦਰ ਪਾਰਟੀ"** ਨੇ ਵੀ ਉਰਦੂ ਦੇ ਨਾਲ ਗੁਰਮੁਖੀ ਵਿਚ ਅਖ਼ਬਾਰਾਂ ਚਾਲੂ ਕੀਤੀਆਂ। ਗ਼ਦਰੀ ਆਗੂ ਜਾਣਦੇ ਸਨ ਕਿ ਪੰਜਾਬੀ ਵਿਚ ਅਖ਼ਬਾਰ ਸਿੱਖ ਪਾਠਕਾਂ ਅੰਦਰ ਕੌਮੀਅਤ ਦਾ ਜਜ਼ਬਾ ਤੇ ਜੋਸ਼ ਪੈਦਾ ਕਰਨ ਵਿਚ ਪੁੱਜ ਕੇ ਸਹਾਈ ਹੋਵੇਗਾ। ਹੋਇਆ ਵੀ ਇੰਜ ਹੀ।

**ਪੰਜਾਬੀ ਵਿਚ** 35 ਅੱਖਰ (alphabets) ਹਨ ਜਦ ਕਿ ਅੰਗਰੇਜ਼ੀ ਵਿਚ ਸਿਰਫ 26 ਹੀ ਹਨ। ਪੰਜਾਬੀ ਦੇ: **ਖ, ਘ, ਛ, ਝ, ਠ, ਧ, ਣ, ਥ, ਭ, ੜ, ਸ਼, ਜ਼, ਖ਼, ਫ਼, .ਗ, .ਲ, ਅਤੇ ਙ, ਞ** ਲਈ ਅੰਗਰੇਜ਼ੀ ਵਿਚ ਬਰਾਬਰ ਦਾ ਕੋਈ ਅੱਖਰ ਨਹੀਂ ਹੈ। ਲਗਾਂ-ਮਾਤ੍ਰਾਵਾਂ, ਬਿੰਦੀ, ਟਿੱਪੀ, ਅਧਿਕ ਅਤੇ ਪੈਰਾਂ ਵਿਚ ਪਾਏ ਜਾਣ ਵਾਲੇ : **ਹ , ਰ, ਵ** ਵੀ ਸਿਰਫ ਪੰਜਾਬੀ ਵਿਚ ਹੀ ਹਨ। ਇਸ ਤਰਾਂ ਪੰਜਾਬੀ ਇੱਕ ਵਧੇਰੇ ਅਮੀਰ ਅਤੇ ਸਮਰਥ ਭਾਸ਼ਾ ਹੈ। ਇਸ ਵਿਚ Unicode ਵਰਤ ਕੇ ਕੰਪਯੂਟਰ ਤੇ ਟਾਈਪ ਕੀਤਾ ਜਾ ਸਕਦਾ ਹੈ। ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਹਜ਼ਾਂਰਾ ਪੁਰਾਣੀਆਂ ਲਿਖਤਾਂ ਨੂੰ ਇਸ ਤਰਾਂ ਸੁਰੱਖਿਤ ਕੀਤਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੀ ਇਸ ਲਈ ਸ਼ਲਾਘਾਯੋਗ ਕੰਮ ਕਰ ਰਹੀ ਹੈ।

**ਯੂਨੈਸਕੋ (UNESCO)** ਦੀ ਅਗਵਾਈ ਹੇਠ, ਸਵਦੇਸ਼ੀ ਭਾਸ਼ਾਵਾਂ (Indigenous Languages) ਦੇ ਇਸ ਦਹਾਕੇ (2022-2032) ਵਿਚ ਕਈ ਯੋਜਨਾਵਾਂ ਬਣੀਆਂ ਹਨ ਜਿਨ੍ਹਾਂ ਨਾਲ ਬੱਚਿਆਂ ਨੂੰ ਮਾਤ ਭਾਸ਼ਾ ਵਿੱਚ ਸਿੱਖਿਆ ਮਿਲ ਸਕੇ। ਸਾਨੂੰ ਸਭ ਨੂੰ ਘਰਾਂ ਵਿਚ ਆਪਣੀ ਮਾਂ-ਬੋਲੀ ਵਿਚ ਹੀ ਗਲਬਾਤ ਕਰਨੀ, ਅਤੇ ਚੰਗੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਪੜ੍ਹਨੀਆਂ ਚਾਹੀਦੀਆਂ ਹਨ।

ਸਾਡੇ ਵੱਡੇ ਭਾਗ ਹਨ ਕਿ ਸਾਨੂੰ ਵਿਰਸੇ ਵਿਚ ਸੰਸਾਰ ਦਾ ਸਭ ਤੋਂ ਉਤੱਮ ਗਿਆਨ ਅਤੇ ਸਾਹਿਤ ਦਾ ਖਜ਼ਾਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਮਿਲਿਆ ਹੈ।

ਵਾਰਿਸ ਸ਼ਾਹ, ਬਾਬਾ ਫ਼ਰੀਦ, ਬੁਲ੍ਹੇ ਸ਼ਾਹ, ਮੀਆਂ ਮੁਹੰਮਦ ਬਖਸ਼, ਸ਼ਾਹ ਮੁਹੰਮਦ, ਧਨੀ ਰਾਮ ਚਾਤ੍ਰਿਕ, ਭਾਈ ਵੀਰ ਸਿੰਘ, ਪ੍ਰੋਫੈਸਰ ਪੂਰਨ ਸਿੰਘ, ਪ੍ਰੋਫੈਸਰ ਸਾਹਿਬ ਸਿੰਘ, ਨਾਨਕ ਸਿੰਘ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਪ੍ਰੋਫੈਸਰ ਮੋਹਨ ਸਿੰਘ ਜਿਹੇ, ਅਤੇ ਅਜੋਕੇ, ਸਾਹਿਤਕਾਰਾਂ ਦੀਆਂ ਰਚਨਾਵਾਂ ਤੋਂ ਅਸੀਂ ਬਹੁਤ ਕੁਝ ਸਿਖ ਸਕਦੇ ਹਾਂ।

**ਨਾਲ ਹੀ** ਦੂਸਰੀਆਂ ਭਾਸ਼ਾਵਾਂ ਵੀ ਜ਼ਰੂਰ ਪੜ੍ਹਨੀਆਂ ਚਾਹੀਦੀਆਂ ਹਨ ਤਾਕਿ ਅਸੀਂ ਅੱਜ ਦੀ ਦੁਨੀਆਂ ਦੇ ਨਵੇਂ ਗਿਆਨ ਤੋਂ ਵਾਂਝੇ ਨਾ ਰਹਿ ਜਾਈਏ। ਪਰ ਯਾਦ ਰੱਖੋ : ਤੁਹਾਨੂੰ ਜਿੰਨਾਂ ਆਪਣੀ ਮਾਂ ਨਾਲ ਪਿਆਰ ਹੈ ਮਾਂ-ਬੋਲੀ ਨਾਲ ਵੀ ਉਨਾਂ ਹੀ ਪਿਆਰ ਹੋਣਾ ਚਾਹੀਦਾ ਹੈ।

*"Scripts are a hugely important aspect of culture. Each writing system tells the tale of its culture's history, its evolution, and its deeply embedded values".*

(Martin Raymond and Lorna Evans, world's leading linguistic authorities)

ਨੋਟ : ਇਸ ਵਿਸ਼ੇ ਤੇ "ਕੈਲਗਰੀ ਈ ਦੀਵਾਨ" ਵਿਚ ਲੇਖਕ ਵਲੋਂ ਦਿੱਤੇ ਵਿਸ਼ੇਸ਼ ਲੈਕਚਰ ਦੀ ਵੀਡੀਓ ਦਾ ਲਿੰਕ ਹੇਠਾਂ ਦਿੱਤਾ ਜਾ ਰਿਹਾ ਹੈ।

**https://www.youtube.com/watch?v=59joHLKzsVo**

# ਫਰਵਰੀ ਦਾ ਮਹੀਨਾ

ਰੂਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

"ਫਰਵਰੀ" ਲਾਤੀਨੀ ਸ਼ਬਦ *februa* ਤੋਂ ਆਇਆ ਹੈ, ਜਿਸਦਾ ਅਰਥ ਹੈ "ਸਾਫ਼ ਕਰਨਾ"। ਇਸ ਮਹੀਨੇ ਦਾ ਨਾਮ ਰੋਮਨ *februalia* ਦੇ ਨਾਮ ਉੱਤੇ ਰੱਖਿਆ ਗਿਆ ਸੀ, ਜੋ ਕਿ ਸ਼ੁੱਧਤਾ ਅਤੇ ਪ੍ਰਾਸਚਿਤ ਲਈ ਮਹੀਨਾ ਭਰ ਚੱਲਣ ਵਾਲਾ ਤਿਉਹਾਰ ਸੀ।

ਆਮ ਤੌਰ 'ਤੇ ਇਸ ਵਿੱਚ 28 ਦਿਨ ਹੁੰਦੇ ਹਨ, ਪਰ ਲੀਪ ਸਾਲਾਂ ਵਿੱਚ ਫਰਵਰੀ 29 ਦਿਨਾਂ ਦਾ ਹੁੰਦਾ ਹੈ। ਰੋਮਨ ਕੈਲੰਡਰ (713 ਬੀ ਸੀ) ਵਿਚ ਜਨਵਰੀ ਅਤੇ ਫਰਵਰੀ ਆਖਰੀ ਦੋ ਮਹੀਨੇ ਹੁੰਦੇ ਸੀ। ਸਨ 450 ਬੀ ਸੀ ਵਿੱਚ ਫਰਵਰੀ ਨੂੰ ਦੂਜਾ ਮਹੀਨਾ ਬਣਾਇਆ ਗਿਆ ਸੀ।

**"ਨਾਨਕਸ਼ਾਹੀ ਕੈਲੰਡਰ"** ਦੇ ਸਾਲ ਅਨੁਸਾਰ, ਜਿਸ ਨੂੰ ਹੁਣ ਸਿੱਖ ਮੰਨਦੇ ਹਨ, ਆਖਰੀ ਮਹੀਨਾ (ਫੱਗਣ) 12 ਫਰਵਰੀ ਤੋਂ ਸ਼ੁਰੂ ਹੁੰਦਾ ਹੈ।

ਅਮਰੀਕਾ ਵਿਚ ਫਰਵਰੀ "ਅਫਰੀਕੀ-ਅਮਰੀਕੀ ਇਤਿਹਾਸ ਦੇ ਮਹੀਨੇ" (**Afro-American History Month**) ਵਜੋਂ ਮਨਾਇਆ ਜਾਂਦਾ ਹੈ। ਅਮਰੀਕੀ ਲਾਇਬ੍ਰੇਰੀ ਆਫ ਕਾਂਗਰਸ (**Library of Congress**) ਅਤੇ ਕਈ ਹੋਰ ਸੰਸਥਾਵਾਂ ਉਨ੍ਹਾਂ ਅਫਰੀਕੀ-ਅਮਰੀਕਨਾਂ ਨੂੰ ਸ਼ਰਧਾਂਜਲੀ ਦੇਂਦੇ ਹਨ ਜਿਨ੍ਹਾਂ ਨੇ ਅਮਰੀਕੀ ਸਮਾਜ ਵਿੱਚ ਪੂਰੀ ਨਾਗਰਿਕਤਾ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ ਸੀ।

ਇਸ ਮਹੀਨੇ ਦੇ ਕੁਝ ਖਾਸ ਦਿਨ ਇਸ ਤਰਾਂ ਹਨ।

1 **ਫਰਵਰੀ** : ਚੰਦਰਮਾ ਦੇ (ਚੀਨੀ) ਨਵੇਂ ਸਾਲ ਨੂੰ ਦਰਸਾਉਂਦਾ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਦੀ ਸਥਾਪਨਾ ਵੀ 1920 ਵਿੱਚ ਪਹਿਲੀ ਫਰਵਰੀ ਵਾਲੇ ਦਿਨ ਕੀਤੀ ਗਈ ਸੀ।

4 **ਫਰਵਰੀ** : ਮਾਰਕ ਜ਼ੁਕਰਬਰਗ ਨੇ 2004 ਵਿੱਚ ਫੇਸਬੁੱਕ (FACEBOOK) ਮੀਡੀਆ ਪਲੇਟਫਾਰਮ ਬਣਾਇਆ ਸੀ।

12 **ਫਰਵਰੀ** : ਅਬਰਾਹਮ ਲਿੰਕਨ (**Abraham Lincoln**) ਦਾ ਜਨਮ ਦਿਨ ਹੈ। ਉਹ ਅਮਰੀਕਾ ਦੇ 16-ਵੇਂ ਰਾਸ਼ਟਰਪਤੀ ਸਨ।



**14 ਫਰਵਰੀ : ਵੈਲੇਨਟਾਈਨ ਡੇ (Valentine Day)** ਹੈ, ਜਿਸਨੂੰ ਪਿਆਰ, ਫੁੱਲ ਅਤੇ ਚਾਕਲੇਟਾਂ ਵੰਡ ਕੇ ਮਨਾਇਆ ਜਾਂਦਾ ਹੈ। ਫਰਵਰੀ ਨੂੰ ਦੋਸਤੀ ਦਾ ਮਹੀਨਾ (**Month of Friendship**) ਕਿਹਾ ਜਾਂਦਾ ਹੈ। ਐਲਿਜ਼ਾਬੈਥ ਬੈਰੇਟ ਬ੍ਰਾਊਨਿੰਗ (1806-61) ਨੇ ਇੱਕ ਗੀਤ ਲਿਖਿਆ ਜਿਸ ਵਿੱਚ ਮਸ਼ਹੂਰ ਲਾਈਨ ਸ਼ਾਮਲ ਹੈ,

"ਮੈਂ ਤੈਨੂੰ ਕਿਵੇਂ ਪਿਆਰ ਕਰਾਂ?
ਮੈਨੂੰ ਤਰੀਕਿਆਂ ਦੀ ਗਿਣਤੀ ਕਰਨ ਦਿਓ",

ਅਤੇ ਜਿਸ ਨੂੰ ਉਸ ਨੇ ਆਪਣੇ ਪਤੀ, ਕਵੀ ਰੌਬਰਟ ਬ੍ਰਾਊਨਿੰਗ (**Robert Browning**) ਨੂੰ ਸਮਰਪਿਤ ਕੀਤਾ।

15 **ਫਰਵਰੀ** : ਕੈਨੇਡਾ ਦਾ ਰਾਸ਼ਟਰੀ ਝੰਡਾ ਦਿਵਸ (**Canadian National Flag Day**) ਹੈ! ਇਹ ਉਸ ਦਿਨ ਹੈ ਜਦੋਂ 1965 ਵਿੱਚ ਪਾਰਲੀਮੈਂਟ ਹਿੱਲ 'ਤੇ ਪਹਿਲੀ ਵਾਰ ਕੈਨੇਡਾ ਦਾ ਲਾਲ ਅਤੇ ਚਿੱਟੇ ਰੰਗ ਵਾਲਾ "ਮੈਪਲ ਲੀਫ ਝੰਡਾ" (**Maple Leaf Flag**) ਲਹਿਰਾਇਆ ਗਿਆ ਸੀ।

16 **ਫਰਵਰੀ** : ਪੋਪ ਗ੍ਰੈਗਰੀ ਮਹਾਨ ਨੇ ਘੋਸ਼ਣਾ ਕੀਤੀ "ਗੌਡ ਬਲੈਸ ਯੂ" (**God bless you**) ਛਿੱਕ ਦਾ ਸਹੀ ਜਵਾਬ ਹੈ।

21 **ਫਰਵਰੀ** : ਸੰਸਾਰ ਭਰ ਵਿਚ **"ਮਾਂ-ਬੋਲੀ ਦਿਵਸ"** ਦੇ ਤੌਰ ਤੇ ਮਨਾਇਆ ਜਾਂਦਾ ਹੈ ਤਾਕਿ ਅਲੋਪ ਹੋ ਰਹੀਆਂ ਭਾਸ਼ਾਵਾਂ ਨੂੰ ਬਚਾਇਆ ਜਾ ਸਕੇ।

ਅਮਰੀਕਾ ਵਿਚ "ਰਾਸ਼ਟਰਪਤੀ ਦਿਵਸ" ਦੇ ਤੌਰ ਤੇ ਜਾਰਜ ਵਾਸ਼ਿੰਗਟਨ ਦਾ ਜਨਮ ਦਿਨ ਫਰਵਰੀ ਦੇ ਤੀਜੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ।

# ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ: ਤਰਲੋਕ ਸਿੰਘ ਸਹੋਤਾ** ਲੇਕਹੈੱਡ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਐਗਰੀਕਲਚਰਲ ਰਿਸਰਚ ਸਟੇਸ਼ਨ, ਥੰਡਰ ਬੇ (ਕੈਨੇਡਾ) ਦੇ ਡਾਇਰੈਕਟਰ ਹਨ। ਉਨ੍ਹਾਂ ਨੇ ਪੌਸ਼ਟਿਕ ਫਸਲਾਂ ਦੀਆਂ ਕਿਸਮਾਂ ਅਤੇ ਨਵੀਂ ਚਾਰੇ ਬਾਰੇ ਕਈ ਮੁਲਕਾਂ ਦੀਆਂ ਸੰਸਥਾਵਾਂ ਵਿੱਚ 40 ਸਾਲਾ ਖੋਜ ਕੀਤੀ। ਪਲਾਂਟ ਕੈਨੇਡਾ, ਅਮਰੀਕਨ ਸੋਸਾਇਟੀ ਆਫ਼ ਐਗਰੋਨੋਮੀ ਵਿਖੇ ਲਗਭਗ 100 ਪੇਪਰ ਪੜ੍ਹੇ ਅਤੇ 650 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ। ਫੈਲੋਸ਼ਿਪ ਅਤੇ **Distinguished Agronomist Award, ਅਵਾਰਡ ਆਫ਼ ਐਕਸੀਲੈਂਸ, RBC Innovation Award** ਅਤੇ **PAU Award of Honour** ਮਿਲੇ ਅਤੇ **Thunder Bay Multifaith Committee** 'ਤੇ ਸਿੱਖ ਧਰਮ ਦੀ ਨੁਮਾਇੰਦਗੀ ਕਰ ਰਹੇ ਹਨ। (E-Mail: **tssahota@lakeheadu.ca, &on: +1 (807) 475-8404**)

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜ ਦੇ ਡੀਨ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **(E-mail: singhkabal285@gmail.com)**

**ਡਾ. ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। **(E-mail: baldev3@yahoo.com)**

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(E-mail : gurdish.grewal@gmail.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਡਾ. ਰਾਜਬੀਰ ਸਿੰਘ ਭੱਟੀ** ਨੂੰ ਭਾਈਚਾਰਕ ਕਾਰਜਾਂ, ਭਾਸ਼ਾ ਅਤੇ ਸੱਭਿਆਚਾਰ ਵਿਚ ਸ਼ੋਕ ਹੈ। ਪਟਿਆਲਾ ਤੋਂ **Industrial Engineering** ਵਿਚ ਗ੍ਰੈਜੂਏਸ਼ਨ, ਫਿਰ **M. Tech**. ਕਰ ਕੇ **Ph. D. Indian Institute of Technology (IIT) Roorkee** ਤੋਂ **Supply Chain Optimization)** ਵਿੱਚ ਕੀਤੀ ਹੈ। ਵਰਤਮਾਨ ਵਿੱਚ **Mount Royal University, Calgary** ਵਿੱਚ **Associate Professor** ਅਤੇ ਵਿਭਾਗ ਦੇ ਮੁਖੀ **(Chair)** ਹਨ। **(Website: rajbirbhatti.ca)**

**ਡਾ. ਹਰਸ਼ਿੰਦਰ ਕੌਰ**, ਪਟਿਆਲਾ ਤੋਂ ਐੱਮ.ਬੀ.ਬੀ.ਐੱਸ. ਅਤੇ ਐੱਮ.ਡੀ. ਹਨ। ਲੈਕਚਰ ਦੇ ਕੇ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ। ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ। **E-Mail: drharshpatiala@yahoo.com**.

**ਸ੍ਰ. ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੀ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ। **(E-mail : ksnoor50@gmail.com. )**

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਵਿਚ ਖੋਜਕਾਰ ਰਹੀ ਹੈ।"ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ **(Covid Speaks)** ਵਿਚ ਅਗਵਾਈ ਕੀਤੀ।

**ਡਾ. ਰਾਜਾ ਬਲਰਾਜ ਸਿੰਘ** ਨੇ 2020 ਵਿੱਚ ਔਨਲਾਈਨ ਪ੍ਰੋਗਰਾਮ (ਈ-ਦੀਵਾਨ) ਸ਼ੁਰੂ ਕੀਤਾ, ਤਾਂ ਜੋ ਵੱਖੋ-ਵੱਖ ਧਰਮਾਂ ਵਿਚ ਸੰਵਾਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਬਾਰੇ ਜਾਗਰੂਕਤਾ ਪੈਦਾ ਹੋ ਸਕੇ। ਉਨ੍ਹਾਂ ਦੀ ਪੀ.ਐਚ.ਡੀ. ਮੈਨੀਟੋਬਾ ਯੂਨੀਵਰਸਿਟੀ (ਵਿਨੀਪੈਗ, ਕੈਨੇਡਾ) ਤੋਂ **Cardio-vascular Sciences** ਵਿੱਚ ਖੋਜ ਤੇ ਅਧਾਰਿਤ ਹੈ। ਉਹ ਅਲਬਰਟਾ ਯੂਨੀਵਰਸਿਟੀ ਦੇ ਨਾਲ "ਅਲਬਰਟਾ ਪ੍ਰੋਸਟੇਟ ਕੈਂਸਰ ਰਿਸਰਚ ਇਨੀਸ਼ੀਏਟਿਵ" ਦੇ ਡਾਇਰੈਕਟਰ ਹਨ। **E-mail: rajabsingh72@gmail.com**

**ਡਾ. ਪ੍ਰਿਤ ਪਾਲ ਕੌਰ ਚਾਹਲ**, ਪੀ ਐੱਚ ਡੀ, ਪਲਾਂਟ ਪੈਥਾਲੋਜੀ ਹਨ, ਸੌ ਤੋਂ ਉੱਪਰ ਖੋਜ ਪੇਪਰ ਤੇ ਅੱਠਾਰਾਂ ਖੋਜ ਚੈਪਟਰਜ਼ ਲਿਖੇ, ਅਮਰੀਕਾ ਤੇ ਭਾਰਤ ਦੇ ਅਦਾਰਿਆਂ (ਆਈ ਸੀ ਏ ਆਰ ਅਤੇ ਡੀ ਬੀ ਟੀ) ਦੇ ਤਿੰਨ ਰੀਸਰਚ ਪ੍ਰੋਜੈਕਟਸ ਪੂਰੇ ਕੀਤੇ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਕਾਨਫਰੰਸਾਂ ਵਿੱਚ ਖੋਜ ਪੱਤਰ ਪੜ੍ਹੇ, ਤਿੰਨ ਵਾਰ ਭਾਰਤ ਦੀ ਪ੍ਰਤੀਨਿਧਤਾ ਕੀਤੀ। ਬਾਰ੍ਹਾਂ ਕਿਤਾਬਾਂ ਪੰਜਾਬੀ ਮਾਂ ਬੋਲੀ ਵਿੱਚ ਛਪੀਆਂ, ਜਿਨਾਂ ਵਿਚ ਕਾਵਿ ਸੰਗ੍ਰਹਿ ਤੇ ਕਈ ਬਾਲ ਸਾਹਿਤ ਦੀਆਂ ਹਨ। ਕੈਨੇਡਾ ਦੀਆਂ ਸਮੱਸਿਆਵਾਂ ਬਾਰੇ ਵੀ ਲਿਖਦੇ ਹਨ।

**ਡਾ. ਹਰਜਿੰਦਰ ਸਿੰਘ (ਹਰਜੀ) ਢੀਂਡਸਾ** ਪਿਛਲੇ 30 ਸਾਲ ਤੋ ਆਸਟ੍ਰੇਲੀਆ ਵਿਚ ਰਹਿ ਰਹੇ ਹਨ। ਪੀ. ਏ. ਯੂ. ਲੁਧਿਆਣਾ ਤੋ ਆਪਣੀ ਐਮ ਐਸ ਸੀ ਤੇ ਪੀ ਐਚ ਡੀ ਕੀਤੀ ਹੈ। ਆਸਟ੍ਰੇਲੀਆ ਵਿੱਚ ਕਈ ਸਾਲ ਸਰਕਾਰੀ ਨੌਕਰੀ ਕੀਤੀ ਹੈ। ਹੁਣ ਤਕ ਤਕਰੀਬਨ 300 ਲਿਖਤਾਂ ਲਿਖੀਆਂ ਹਨ। ਜਿਆਦਾਤਰ ਲਿਖਤਾਂ ਸਮਾਜਿਕ ਸੁਧਾਰਾਂ ਸਬੰਧੀ ਹਨ। ਅੱਜਕੱਲ੍ਹ ਅਪਣੇ ਫਾਰਮ (ਸਟਨ ਨੇੜ੍ਹ) ਆਸਟ੍ਰੇਲੀਆ ਦੀ ਰਾਜਧਾਨੀ, ਕੈਨਬਰਾ ਵਿਖੇ ਰਿਟਾਇਰਮੈਂਟ ਮਾਣ ਰਹੇ ਹਨ।

**ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ (ਭੌਤਿਕ ਵਿਗਿਆਨ) ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਸਿਖਲਾਈ/ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਅਤੇ ਹਾਂਗਕਾਂਗ ਦਾ ਦੌਰਾ ਕੀਤਾ, 12 ਪੀਐਚ.ਡੀ. ਖੋਜ ਨਿਬੰਧਾਂ ਦਾ ਮਾਰਗਦਰਸ਼ਨ ਕੀਤਾ, ਸੂਚੀਬੱਧ ਅੰਤਰਰਾਸ਼ਟਰੀ ਰਸਾਲਿਆਂ (ਅਤੇ ਤਿੰਨ ਪੁਸਤਕਾਂ) ਵਿੱਚ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। **(Blog: www.drssbhatti.ca , E-mail : surjitsinghbhatti@gmail.com).**

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. **ਮੈਗਜ਼ੀਨ ਦੀ ਨੀਤੀ**: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ
2. **ਸੰਪਾਦਕੀ ਬੋਰਡ** ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
3. **ਲਿਖਤ** ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-12 ਫੌਂਟ ਵਿਚ ਹੀ ਹੋਵੇ
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਵੀ ਨਾ ਹੋਵੇ ਜੀ
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਜ਼ਰੂਰੀ ਛੱਡੀ ਹੋਵੇ
6. **ਲੇਖਕ ਦਾ ਨਾਮ**, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ
7. **ਲੇਖ ਦੀ ਕੁਲ ਲੰਬਾਈ** ਲੈਪਟਾਪ ਦੇ ਵਧ ਤੋਂ ਵਧ ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ
8. **ਲੰਬੇ ਲੇਖ** ਸਾਡੇ ਵੈੱਬਸਾਈਟ (***sanjihivrasat.org)*** ਦੇ 'ਬਲੌਗ' 'ਤੇ ਜਾਂ ਲੜੀਵਾਰ ਛਾਪੇ ਜਾਣਗੇ
9. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ **'Copyright Infringement'** ਨਹੀਂ ਹੋਣੀ ਚਾਹੀਦੀ
10. **ਹਵਾਲੇ** ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਸਾਲ ਦਿਓ
11. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ

## Important Information for Authors

1. **Magazine Policy** : To Promote Punjabi Culture, History & Heritage (By Secular, Non-Political, Non-Personal Articles/Poems, after Review
2. **Editorial Board** : Will not be responsible for views of Authors /Poets
3. **Font size 12** : Panjabi - Anmol Lipi (English -Times New Roman)
4. **Spacing, margin** : Line-to-line 1.0, Margins One Inch on all four sides
5. **Format -WORD** : No PDF, Photocopy, Printscreen, Snip, Office-Lens
6. **Author's Data** : Name, City (Country), Brief (own) Introduction
7. **Author's Contact** : Phone, e-mail, or WhatsApp. (Photo is optional)
8. **Maximum Length**: Two pages (Including Photo) / 800 Laptop words)
9. **Longer Articles** : On **BLOG** Website ***(sanjhivirasat.org)*** / serialized

10 **Copy -right (CR)** : Authors will certify there is No CR Infringement

11 **References/Photo** : Source (Author, Title, Journal/Book, Year, Pages.

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board


1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸਰਦਾਰ ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸਰਦਾਰ ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ — ਦਿੱਲੀ (ਭਾਰਤ)
9. ਇੰਜ. ਕਰਮਜੀਤ ਸਿੰਘ ਨੂਰ — ਜਲੰਧਰ (ਭਾਰਤ)
10. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) — ਕੈਲਗਰੀ (ਕੈਨੇਡਾ)
11. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)

**ਸਲਾਹਕਾਰ:**

1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ਼੍ਰੀ ਰਿਸ਼ੀ ਨਾਗਰ — ਕੈਲਗਰੀ (ਕੈਨੇਡਾ)
6. ਸਰਦਾਰਨੀ ਅਮ੍ਰਿਤਪਾਲ ਕੌਰ — ਜਲੰਧਰ (ਭਾਰਤ)
7. ਸਰਦਾਰ ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

## ਐਡੀਟੋਰੀਅਲ ਬੋਰਡ







ਡਾ. ਰਾਜਾ ਬਲਰਾਜ ਸਿੰਘ | ਗੁਰਦੀਸ਼ ਕੌਰ ਗਰੇਵਾਲ | ਪ੍ਰੋਫ਼ੈਸਰ ਮਨਿੰਦਰ ਸਿੰਘ | ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ | ਸ. ਜਗਬੀਰ ਸਿੰਘ ਕੋਹਲੀ | ਸ. ਪਰਮਜੀਤ ਸਿੰਘ | ਪ੍ਰਿੰਸੀਪਲ ਮਨਮੋਹਨ ਕੌਰ




ਸ. ਕਰਮਜੀਤ ਸਿੰਘ ਨੂਰ | ਡਾ. ਸੁਰਜੀਤ ਸਿੰਘ ਭੱਟੀ



ਡਾ. ਰਾਜਬੀਰ ਸਿੰਘ ਭੱਟੀ


## ਸ਼ਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖ਼ੋਂ


ਅਮ੍ਰਿਤਪਾਂਲ ਕੌਰ


ਯੁਵਰਾਜ ਸਿੰਘ


ਰਿਸ਼ੀ ਨਾਗਰ